# ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ

ਮਨਮੋਹਨ ਸਿੰਘ ਦਾਊਂ



# ਚੰਡੀਗੜ੍ਹ ਲੋਪ ਕੀਤੇ
# ਪੁਆਧੀ ਪਿੰਡ

(ਖੋਜ ਪੁਸਤਕ)

ਮਨਮੋਹਨ ਸਿੰਘ ਦਾਊਂ

**ਭਾਸ਼ਾ ਵਿਭਾਗ ਪੰਜਾਬ ਵੱਲੋਂ ਡਾ. ਐਮ. ਐਸ. ਰੰਧਾਵਾ ਪੁਰਸਕਾਰ 2017 ਪੰਜਾਬੀ ਗਿਆਨ ਸਾਹਿਤ ਦੀ ਸਰਵੋਤਮ ਜੇਤੂ ਪੁਸਤਕ**

## ਸਮਰਪਣ

ਸੰਤਾਪ ਹੰਢਾਉਂਦੇ

ਉਨ੍ਹਾਂ ਪੁਆਧੀ ਪਿੰਡ-ਵਾਸੀਆਂ ਦੇ

ਨਾਂ

ਜਿਨ੍ਹਾਂ ਦੀਆਂ ਜ਼ਮੀਨਾਂ 'ਤੇ

ਚੰਡੀਗੜ੍ਹ ਦੀ ਉਸਾਰੀ ਹੋਈ।

ਧੰਨਵਾਦੀ ਹਾਂ :

1. ਜੱਥੇਦਾਰ ਅੰਗਰੇਜ਼ ਸਿੰਘ ਬਡਹੇੜੀ ਦਾ ਜਿਨ੍ਹਾਂ ਨੇ ਚੰਡੀਗੜ੍ਹ ਦੇ ਉਜਾੜੇ ਗਏ ਪਿੰਡਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਸਹਿਯੋਗ ਤੇ ਹੱਲਾਸ਼ੇਰੀ ਦਿੱਤੀ।

2. ਸ. ਮੋਤਾ ਸਿੰਘ ਸਰਾਏ ਐਡਵੋਕੇਟ (ਯੂ.ਕੇ. – ਵਾਲਸਾਲ) ਸੰਚਾਲਕ, ਯੂਰਪੀ ਪੰਜਾਬੀ ਸੱਥ ਜਿਨ੍ਹਾਂ ਨੇ ਇਸ ਪੁਸਤਕ ਦੀ ਮਹੱਤਤਾ ਨੂੰ ਸਮਝਦਿਆਂ ਇਸ ਰਚਨਾ ਦੀ ਪ੍ਰਕਾਸ਼ਨਾ ਲਈ ਉਚੇਚੇ ਤੌਰ ਤੇ ਸਹਾਇਤਾ ਕੀਤੀ।

3. ਡਾ. ਨਿਰਮਲ ਸਿੰਘ ਲਾਂਬੜਾ, ਪੰਜਾਬੀ ਸੱਥਾਂ ਦੇ ਸੰਚਾਲਕ ਜਿਨ੍ਹਾਂ ਦੀ ਅਗਵਾਈ ਨੇ ਮੇਰਾ ਮਨੋਬਲ ਉੱਚਾ ਕੀਤਾ ਅਤੇ ਇਸ ਪੁਸਤਕ ਦੀ ਪ੍ਰਕਾਸ਼ਨਾ ਕਰਵਾਈ।

4. ਵਿਸ਼ੇਸ ਧੰਨਵਾਦੀ ਹਾਂ ਸ੍ਰੀ ਸੁਰਿੰਦਰ ਸਿੰਘ ਤੇਜ, ਸੰਪਾਦਕ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਦਾ ਜਿਨ੍ਹਾਂ ਨੇ ਨਿੱਜੀ ਦਿਲਚਸਪੀ ਲੈ ਕੇ ਲੜੀ-ਬੱਧ, ਪਿੰਡਾਂ ਵਿੱਚੋਂ ਪਿੰਡ ਸੁਣੀਂਦਾ ਪੰਨੇ 'ਤੇ ਇਨ੍ਹਾਂ ਪਿੰਡਾਂ ਬਾਰੇ, ਲੇਖ ਪ੍ਰਕਾਸ਼ਿਤ ਕਰਨ ਲਈ ਜਗਬੀਰ ਕੌਰ ਨੂੰ ਜ਼ਿੰਮੇਵਾਰੀ ਸੌਂਪ ਕੇ, ਪਾਠਕਾਂ ਕੋਲੋਂ ਪ੍ਰਸੰਸਾ ਖੱਟਣ ਦਾ ਮਾਣ ਹਾਸਲ ਕਰਵਾਇਆ।

5. ਮਾਸਟਰ ਜਸਮੇਰ ਸਿੰਘ (ਕੰਬਾਲੀ) ਜਿਨ੍ਹਾਂ ਨੇ ਮੇਰੀ ਜਾਣਕਾਰੀ 'ਚ ਵਾਧਾ ਕੀਤਾ।

6. ਮੈਂ ਆਪਣੇ ਪਰਿਵਾਰ ਦਾ ਵੀ ਕਰਜ਼ਦਾਰ ਹਾਂ ਜਿਨ੍ਹਾਂ ਨੇ ਇਸ ਕਾਰਜ ਲਈ ਮੈਨੂੰ ਸਮਾਂ ਦਿੱਤਾ।

ਮਨਮੋਹਨ ਸਿੰਘ ਦਾਊਂ
ਮੁਖੀ
ਪੁਆਧੀ ਪੰਜਾਬੀ ਸੱਥ
ਮੁਹਾਲੀ (ਪੰਜਾਬ)

## ਲੇਖਕ ਦੀਆਂ ਚਰਚਿਤ ਰਚਨਾਵਾਂ :

### ਕਾਵਿ-ਸੰਗ੍ਰਹਿ

1. ਖ਼ਾਮੋਸ਼ ਚਸ਼ਮਾ
2. ਦਰਦ ਸੰਗ ਦੋਸਤੀ
3. ਮਿੱਟੀ ਦਾ ਰੁਦਨ
4. ਰਾਤਾਂ ਪ੍ਰਭਾਤਾਂ
5. ਅਗੰਮ ਅਗੋਚਰ
6. ਸ਼ਾਇਰੀ ਦਾ ਸਰਵਰ
7. ਸ਼ਾਇਰੀ ਸਾਗਰ
8. ਉਦਾਸੀਆਂ ਦਾ ਬੂਹਾ-ਸੁਲਖਣੀ
9. ਪੰਛੀ-ਬਿਰਖ ਸੁਹਾਵੜਾ

### ਵਾਰਤਕ ਰਚਨਾਵਾਂ

1. ਸੱਭਿਆਚਾਰਕ ਮੁਹਾਂਦਰੇ
2. ਜ਼ਿੰਦਗੀ ਦਾ ਸੱਚ
3. ਬਾਲ ਝਰੋਖਾ
4. ਪੰਜਾਬ ਦਾ ਸੁਪਨਸਾਜ਼-ਡਾ. ਐਮ. ਐਸ. ਰੰਧਾਵਾ
5. ਪੁਆਧ ਦਰਪਣ (ਸੰਪਾਦਨਾ)
6. ਰੁੱਖਾਂ ਨਾਲ ਦੋਸਤੀ
7. ਧਰਤ ਪੁਆਧ (ਸੰਪਾਦਨਾ)

# ਤਰਤੀਬ


ੳ. ਪ੍ਰਵੇਸ਼ਕਾ ਵੱਜੋਂ

ਅ. ਇੱਕ ਗਾਥਾ

ੲ. ਤਰੱਕੀ ਤਬਾਹੀ ਦਾ ਤਾਂਡਵ ਡਾ. ਨਿਰਮਲ ਸਿੰਘ - ਮੋਤਾ ਸਿੰਘ ਸਰਾਏ

ਸ. ਚੰਡੀਮੰਦਰ : ਜਿਸ ਦੇ ਨਾਮ 'ਤੇ ਚੰਡੀਗੜ੍ਹ ਵਸਿਆ

**ਭਾਗ ਪਹਿਲਾ (ਪਹਿਲਾ ਉਠਾਲਾ 1950)**

1. ਨਗਲਾ ਜਿੱਥੋਂ ਚੰਡੀਗੜ੍ਹ ਦੀ ਉਸਾਰੀ ਦਾ ਮੁੱਢ ਬੱਝਿਆ ..... 27
2. ਸ਼ਾਹਜ਼ਾਦਪੁਰ ਜਿੱਥੇ ਬਣਿਆ ਪੀ.ਜੀ.ਆਈ. ..... 29
3. (i) ਭੰਗੀਮਾਜਰਾ ਜਿੱਥੇ ਬਣਿਆ ਪੰਜਾਬ ਗਵਰਨਰ-ਹਾਊਸ ..... 31
   (ii) ਸੁਖਨਾ ਝੀਲ ਦੇ ਪਿੱਪਲ ਦੀ ਆਤਮ-ਕਥਾ ..... 34
4. ਸੈਣੀਮਾਜਰਾ ਦੀ ਗਾਥਾ 37
5. ਕਾਂਜੀਮਾਜਰਾ ਜਿੱਥੇ ਬਣੀ ਪੰਜਾਬ ਯੂਨੀਵਰਸਿਟੀ 40
6. ਕਾਲੀਬੜ ਦੇ ਉਜਾੜੇ ਦੀ ਦਾਸਤਾਨ 42
7. ਕੈਲੜ ਦੀ ਵਿਰਾਸਤੀ ਦਾਸਤਾਨ 45
8. ਮਹਿਲੇ ਮਾਜਰਾ ਜਿੱਥੇ ਬਣੀਆਂ ਮਹਿਲਨੁਮਾ ਕੋਠੀਆਂ 47
9. ਰੁੜਕੀ ਪੜਾਓ - ਬਸ ਸਟੈਂਡ ਦਾ ਸਥਾਨ 49

10 ਖੇੜੀ ਦੀ ਦਾਸਤਾਨ 51

11 ਕੰਚਨਪੁਰਾ ਦੀ ਦਾਸਤਾਨ 53

12 ਉਜਾੜੇ ਦੀ ਭੇਟ ਚੜ੍ਹਿਆ ਗੁਰਦਾਸਪੁਰਾ 55

13 ਬਜਵਾੜੀ ਕਰਮ ਚੰਦ ਦੀ ਦਾਸਤਾਨ 57

14 ਦਲਹੇੜੀ ਰਾਜਪੂਤਾਂ ਦੀ ਦਾਸਤਾਨ 59

15 ਦਲਹੇੜੀ ਜੱਟਾਂ ਦੀ ਦਾਸਤਾਨ 61

16 ਉਜਾੜੇ ਦੀ ਮਾਰ ਤੋਂ ਬਚਿਆ ਕਾਂਸਲ 63

17 ਕੰਡਿਆਲੀ ਤਾਰ ਨੂੰ ਤੱਕਦਾ ਨਵਾਂ ਗਾਓਂ 66

## ਭਾਗ ਦੂਜਾ (ਦੂਜਾ ਉਠਾਲਾ 1960 - 1975)


| | | |
|---|---|---|
| 18 | ਬਾਈ ਹਲਟਾਂ ਵਾਲੇ - ਸ਼ਾਹਪੁਰ ਦੀ ਗਾਥਾ | 71 |
| 19 | ਕੰਥਾਲਾ ਜਿੱਥੇ ਬਣਿਆ ਟ੍ਰਿਬਿਊਨ ਅਦਾਰਾ | 74 |
| 20 | ਫਤਹਿਗੜ੍ਹ ਮਾਦੜੀਆਂ ਦੀ ਦਾਸਤਾਨ | 77 |
| 21 | ਕਰਸਾਣ ਦੇ ਬੇਘਰ ਹੋਏ ਕਿਸਾਨ | 80 |
| 22 | ਭਾਈਚਾਰਕ ਸਾਂਝ ਵਾਲਾ ਬਜਵਾੜਾ | 83 |
| 23 | ਦਤਾਰਪੁਰ ਜਿੱਥੇ ਬਣਿਆ ਹਵਾਈ-ਅੱਡਾ | 86 |
| 24 | ਨਾ ਉੱਜੜੇ ਨਾ ਵੱਸੇ ਫੈਦਾਂ ਦੇ ਲੋਕ | 88 |
| 25 | ਬੈਰਮਾਜਰਾ ਦੇ ਉਠਾਲੇ ਦੀ ਗਾਥਾ | 90 |
| 26 | ਜੈਪੁਰਾ ਦੀ ਦਾਸਤਾਨ | 92 |
| 27 | ਚੂਹੜਪੁਰ ਬਣਿਆ ਹਵਾਈ ਅੱਡੇ ਦੀ ਉਡਾਨ | 94 |
| 28 | ਬਖਤਾ ਬਜਵਾੜੀ-ਬੇਚਰਾਗ ਮੌਜਾ | 96 |
| 29 | ਅੰਤਿਕਾ ਵੱਜੋਂ : ਪਿੰਡ ਦੇ ਦਰਦ ਦਾ ਇੱਕ ਦ੍ਰਿਸ਼ | 98 |

# ੳ. ਪ੍ਰਵੇਸ਼ਕਾ ਵੱਜੋਂ

## ਇਸ ਪੁਸਤਕ ਨੂੰ ਲਿਖਣ ਦੀ ਕਹਾਣੀ

ਜਦੋਂ ਪੰਜਾਬ ਦੀ ਰਾਜਧਾਨੀ ਖਾਤਰ, ਚੰਡੀਗੜ੍ਹ ਵਸਾਉਣ ਲਈ ਇਸ ਇਲਾਕੇ ਨੂੰ ਚੁਣਿਆ ਗਿਆ ਤਾਂ ਪੁਆਧ ਖੇਤਰ ਦੇ 17 ਪਿੰਡਾਂ ਨੂੰ ਉਜਾੜਨ ਲਈ ਪਹਿਲੇ ਉਠਾਲੇ 1950 'ਚ ਯੋਜਨਾ-ਕਾਰਜ ਅਰੰਭ ਹੋਇਆ। ਉਸ ਸਮੇਂ ਉਠਾਏ ਜਾਣ ਵਾਲੇ ਪਿੰਡਾਂ ਦੇ ਲੋਕਾਂ ਨੇ ਮੁਜਾਹਰੇ ਵੀ ਕੀਤੇ ਪਰੰਤੂ ਕਿਸੀ ਸੂਝਵਾਨ ਰਾਜਸੀ-ਨੇਤਾ ਦੀ ਅਗਵਾਈ ਨਾ ਹੋਣ ਕਾਰਨ, ਪਿੰਡ ਵਾਸੀਆਂ ਨੂੰ ਬਣਦੇ ਹੱਕ ਅਤੇ ਘਰ-ਜ਼ਮੀਨਾਂ ਦੇ ਬਣਦੇ ਉਚਿੱਤ ਪੈਸੇ ਨਹੀਂ ਦਿੱਤੇ ਗਏ। ਹੋਰ ਵਾਧੂ ਸਹੂਲਤਾਂ ਤਾਂ ਕੀ ਦੇਣੀਆਂ ਸਨ। ਭਾਰਤ ਨੂੰ ਅਜ਼ਾਦੀ ਤਾਜ਼ੀ-ਤਾਜ਼ੀ ਮਿਲਣ ਕਾਰਨ, ਉਹ ਸੁਪਨਮਈ ਸਮਾਂ, ਲੋਕਾਂ ਵਿੱਚ ਕੌਮੀ-ਏਕਤਾ ਤੇ ਸਦਭਾਵਨਾ ਪੈਦਾ ਕਰਨ ਵਾਲਾ ਸੀ, ਜਿਸ ਕਾਰਨ ਲੋਕ-ਅੰਦੋਲਨ ਨੂੰ ਉਹ ਮਹੱਤਤਾ ਨਾ ਮਿਲ ਸਕੀ। ਲੋਕਾਂ ਵਿੱਚ ਵੀ ਭਵਿੱਖ ਲਈ ਕੋਈ ਦੂਰ-ਦ੍ਰਿਸ਼ਟੀ ਵਾਲੀ ਚੇਤਨਾ ਨਹੀਂ ਸੀ। ਲੋਕ ਆਰਥਿਕ, ਵਿੱਦਿਅਕ ਅਤੇ ਰਾਜਸੀ ਚੇਤਨਾ ਪੱਖੋਂ ਬਹੁਤ ਪਿੱਛੇ ਸਨ, ਜਿਸ ਕਾਰਨ ਜੋ ਕੁਝ ਲੋਕਾਂ ਨੂੰ ਦਿੱਤਾ ਗਿਆ, ਉਸ ਨਾਲ ਹੀ ਸਬਰ ਕਰ ਲਿਆ ਗਿਆ। ਇੱਥੇ ਇਹ ਜ਼ਿਕਰਯੋਗ ਹੈ ਕਿ ਇਨ੍ਹਾਂ ਪਿੰਡਾਂ ਦੇ ਲੋਕਾਂ ਨੇ ਦਾਰੂਖਲਾਫਾ (ਰਾਜਧਾਨੀ) ਬਣਨ ਨਹੀਂ ਦੇਣਾ ਅੰਦੋਲਨ ਕਾਫ਼ੀ ਵੱਡੀ ਗਿਣਤੀ ਵਿੱਚ ਸ਼ੁਰੂ ਵੀ ਕੀਤਾ। ਜਿਸ ਨੂੰ ਰੋਕਣ ਲਈ ਸਰਕਾਰ ਨੇ ਮੁਜ਼ਾਹਰਾਕਾਰੀਆਂ ਤੇ ਸਖ਼ਤੀ ਕੀਤੀ, ਗਰਿਫ਼ਤਾਰੀਆਂ ਕੀਤੀਆਂ ਤੇ ਜੇਲ੍ਹਾਂ ਵਿੱਚ ਵੀ ਭੇਜਿਆ। ਇਸ ਅੰਦੋਲਨ ਦੇ ਸਿਰਕੱਢ ਵਿਅਕਤੀ ਲਛਮਣ ਸਿੰਘ (ਭੰਗੀਮਾਜਰਾ), ਰਣ ਸਿੰਘ (ਕਾਲੀਬੜ), ਹਾਕਮ ਸਿੰਘ (ਦਲਹੇੜੀ ਜੱਟਾਂ), ਪੰਡਿਤ ਜੀ (ਕੈਲੜ), ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਉਦੋਂ ਸੋਸਲਿਸਟ ਨੇਤਾ) ਤੇ ਹੋਰ ਵਿਅਕਤੀਆਂ ਦੀ ਜੱਦੋ-ਜਹਿਦ ਕਾਰਨ ਜ਼ਮੀਨ ਤੇ ਘਰ ਵਸੇਬੇ ਵੱਜੋਂ ਦੇਣ ਦਾ ਐਕਟ ਪਾਸ ਹੋਇਆ।

ਪਹਿਲੇ ਉਠਾਲੇ ਸਮੇਂ 17 ਪਿੰਡਾਂ ਵਾਲਿਆਂ ਨੂੰ ਵਸੇਬੇ ਲਈ ਜ਼ਮੀਨ ਬਦਲੇ ਜ਼ਮੀਨ ਅਤੇ ਮਕਾਨਾਂ ਬਦਲੇ ਮਕਾਨ ਵੱਖੋ-ਵੱਖਰੇ ਪਿੰਡਾਂ ਵਿੱਚ ਦਿੱਤੇ ਗਏ ਪਰੰਤੂ ਕੀਮਤਾਂ ਬਹੁਤ ਘੱਟ ਦਰ ਨਾਲ ਨਿਸ਼ਚਿਤ ਕੀਤੀਆਂ ਗਈਆਂ। ਵਸੇਬੇ ਲਈ ਕਸਟੋਡੀਅਨ ਜਾਇਦਾਦਾਂ ਵਾਲੀਆਂ ਇਹ ਥਾਂਵਾਂ ਇਸ ਖੇਤਰ 'ਚ 1947 ਦੀ ਵੰਡ ਸਮੇਂ ਪਿੰਡਾਂ 'ਚੋਂ ਪਾਕਿਸਤਾਨ ਭੇਜੇ ਮੁਸਲਮਾਨਾਂ ਦੀਆਂ ਸਨ ਜਾਂ ਕੁਝ ਹੋਰ ਜ਼ਮੀਨਾਂ ਸਨ। ਕਈ ਵਿਰਾਸਤੀ ਜਾਇਦਾਦਾਂ ਤੇ ਚੀਜ਼ਾਂ ਦੇ ਪੈਸੇ ਨਹੀਂ ਦਿੱਤੇ ਗਏ। ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਬਿਨਾਂ ਪੈਸਿਆਂ ਹੀ ਹੜੱਪ ਕਰ ਲਈਆਂ ਗਈਆਂ। ਪਿੰਡਾਂ ਦੀਆਂ ਕਈ ਪੁਸ਼ਤੈਨੀ ਯਾਦਗਾਰਾਂ ਨੂੰ ਸੰਭਾਲਿਆ ਨਹੀਂ ਗਿਆ। ਪੁਆਧ ਖੇਤਰ ਦੇ ਵਿਰਾਸਤੀ, ਸੱਭਿਆਚਾਰਕ ਅਤੇ ਇਤਿਹਾਸਕ ਥਾਵਾਂ ਨੂੰ

ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਇਸ ਲਪੇਟ ਵਿੱਚ ਬਾਗਾਂ ਦੇ ਬਾਗ, ਖੂਹ, ਹਲਟ, ਪੁਰਾਣੇ ਬਿਰਖ਼, ਖੇੜੇ, ਧਰਮਸ਼ਾਲਾਵਾਂ ਤੇ ਪ੍ਰਾਚੀਨ ਨਿਸ਼ਾਨੀਆਂ ਨੂੰ ਢਹਿ-ਢੇਰੀ ਕਰ ਕੇ ਲੋਪ ਕਰ ਦਿੱਤਾ ਗਿਆ। ਇਹ ਵਰਤਾਰਾ ਜੱਗੋਂ ਬਾਹਰਾ ਵਾਪਰਿਆ। ਇਹ ਗੱਲ ਵੱਖਰੀ ਹੈ ਕਿ ਕੁਦਰਤੀ ਆਫਤਾਂ ਜਾਂ ਸਰਕਾਰੀ ਵਰਤਾਰਿਆਂ ਨੂੰ ਰੋਕਿਆ ਵੀ ਨਹੀਂ ਜਾ ਸਕਦਾ।

ਦੂਜੇ ਉਠਾਲੇ 1960 ਤੋਂ ਬਾਅਦ ਗਿਆਰਾਂ ਪਿੰਡ ਹੋਰ ਉਜਾੜੇ ਗਏ ਜਿਨ੍ਹਾਂ ਨੂੰ ਵਸੇਬੇ ਲਈ ਜ਼ਮੀਨ ਬਦਲੇ ਜ਼ਮੀਨ ਅਤੇ ਮਕਾਨ ਬਦਲੇ ਮਕਾਨ ਨਾ ਦੇ ਕੇ, ਪਿੰਡ ਵਾਸੀਆਂ ਨੂੰ ਘੋਰ-ਅੰਧੇਰੇ ਵਿੱਚ ਠੱਲ੍ਹ ਦਿੱਤਾ ਗਿਆ। ਜ਼ਮੀਨਾਂ ਤੇ ਘਰਾਂ ਦੀਆਂ ਕੀਮਤਾਂ ਨਿਸ਼ਚਿਤ ਕਰਨ ਲਈ ਕੋਈ ਹਮਦਰਦੀ ਵਾਲਾ ਵਿਵਹਾਰ ਨਹੀਂ ਕੀਤਾ ਗਿਆ। ਇਨ੍ਹਾਂ ਪਿੰਡਾਂ ਨਾਲ ਮਤਰੇਈ-ਮਾਂ ਵਾਲਾ ਸਲੂਕ ਕੀਤਾ ਗਿਆ। ਜਦੋਂ ਪੰਜਾਬੀ ਸੂਬੇ ਦੇ ਅੰਦੋਲਨ ਦੇ ਫ਼ਲ ਸਰੂਪ 1966 'ਚ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਹੋਂਦ ਵਿੱਚ ਆਏ ਤਾਂ ਉਦੋਂ ਦੀ ਕੇਂਦਰੀ ਸਰਕਾਰ ਕਾਂਗਰਸ ਨੇ ਯੂਨੀਅਨ-ਟੈਰੇਟਰੀ (ਯੂ. ਟੀ.) ਚੰਡੀਗੜ੍ਹ ਐਲਾਨ ਕਰ ਦਿੱਤੀ ਗਈ। ਜਿਸ ਦਾ ਮਾੜਾ ਅਸਰ ਇਹ ਹੋਇਆ ਕਿ ਦੂਜੇ ਉਠਾਲੇ ਗਏ ਪਿੰਡ, ਪੰਜਾਬ ਸਰਕਾਰ ਦੇ ਅਧਿਕਾਰ-ਖੇਤਰ 'ਚੋਂ ਵਾਂਝੇ ਕਰ ਦਿੱਤੇ ਗਏ। ਇੰਜ ਇਨ੍ਹਾਂ ਪਿੰਡਾਂ ਦੇ ਹੱਕ ਅਤੇ ਸਹੂਲਤਾਂ ਠੰਢੇ ਬਸਤੇ ਪੈ ਗਈਆਂ। ਇਨ੍ਹਾਂ ਪਿੰਡਾਂ ਦੇ ਉਜੜਨ ਅਤੇ ਵੱਸਣ ਦੀ ਕਹਾਣੀ ਹੋਰ ਵੀ ਸੰਤਾਪੀ ਗਈ। ਜਿੱਥੇ-ਕਿਤੇ ਕਿਸੇ ਦੇ ਪੈਰ ਲੱਗੇ ਜਾ ਠਾਹਰ ਲਈ। ਪਿੱਛੇ ਬਹੁਤ ਕੁਝ ਛੱਡਣਾ ਪਿਆ ਜਿਸ ਦਾ ਵਿਗੋਚਾ ਉਨ੍ਹਾਂ ਦੁਖਿਆਰਿਆਂ ਦੇ ਅੱਥਰੂ ਦੱਸਦੇ ਹਨ। ਬਹੁਤ ਸਾਰੇ ਕੇਸ ਅਜੇ ਵੀ ਕਚਹਿਰੀਆਂ 'ਚ ਇਨਸਾਫ਼ ਦੀ ਉਡੀਕ ਕਰ ਰਹੇ ਹਨ।

ਇਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਤੀਜੇ ਉਠਾਲੇ ਅਧੀਨ 22 ਪਿੰਡਾਂ ਦੀ ਹੋਂਦ ਮਿਟਣੀ ਵੀ ਖਤਰੇ ਵਿੱਚ ਸੀ ਪਰੰਤੂ ਜੱਥੇਦਾਰ ਅੰਗਰੇਜ਼ ਸਿੰਘ (ਬਡਹੇੜੀ) ਪ੍ਰਧਾਨ, ਪਿੰਡ ਬਚਾਓ ਕਮੇਟੀ, ਉੱਘੇ ਨੰਬਰਦਾਰ ਮਾਸਟਰ ਸਰੂਪ ਸਿੰਘ (ਪਲਸੌਰਾ) ਤੇ ਕੁਝ ਹੋਰ ਉੱਦਮੀਆਂ ਦੇ ਸੰਘਰਸ਼ ਨਾਲ ਇਨ੍ਹਾਂ ਪਿੰਡਾਂ ਦੀਆਂ ਜ਼ਮੀਨਾਂ ਤਾਂ ਐਕਵਾਇਰ ਕਰ ਲਈਆਂ ਗਈਆਂ ਪਰੰਤੂ ਲਾਲ-ਲਕੀਰ ਦੇ ਅੰਦਰ ਵਸਦੇ ਪਿੰਡ ਢਹਿ-ਢੇਰੀ ਹੋਣ ਤੋਂ ਬਚ ਗਏ ਜਿਵੇਂ: ਹੱਲੋਮਾਜਰਾ, ਪਲਸੌਰਾ, ਕਜਹੇੜੀ, ਬਡਹੇੜੀ, ਅਟਾਵਾ, ਖੁੱਡਾ ਅਲੀਸ਼ੇਰ, ਮੱਖਣ ਮਾਜਰਾ, ਡੱਡੂਮਾਜਰਾ, ਮਲੋਆ, ਖੁੱਡਾ ਜੱਸੂ, ਲਾਹੌਰਾ, ਬੁਟੇਰਲਾ, ਬਹਿਲਾਣਾ, ਕੈਂਬਵਾਲਾ, ਬੁੜੈਲ, ਮਨੀਮਾਜਰਾ, ਕਿਸ਼ਨਗੜ੍ਹ, ਧਨਾਸ, ਰਾਏਪੁਰ ਖੁਰਦ, ਮੌਲੀਜੱਗਰਾਂ, ਦੜੂਆ, ਰਾਏਪੁਰ ਕਲਾਂ, ਸਾਰੰਗਪੁਰ। ਇਨ੍ਹਾਂ ਪਿੰਡਾਂ ਦੀਆਂ ਜ਼ਮੀਨਾਂ ਵੀ ਟੋਟਿਆਂ ਵਿੱਚ ਲਈਆਂ ਗਈਆਂ ਤੇ ਬਣਦਾ ਵਾਜਬ ਮੁੱਲ ਨਹੀਂ ਦਿੱਤਾ ਗਿਆ। ਸ਼ਾਮਲਾਟ ਜ਼ਮੀਨਾਂ ਤੇ ਹੋਰ ਟੁਕੜੀਆਂ ਦੇ ਪੈਸੇ ਪ੍ਰਾਪਤ ਕਰਨ ਲਈ ਅਜੇ ਵੀ ਕਚਹਿਰੀਆਂ ਵਿੱਚ ਕੇਸ ਚੱਲ ਰਹੇ ਹਨ। ਇਨ੍ਹਾਂ ਪਿੰਡਾਂ ਦੀ ਹਾਲਤ ਆਦਰਸ਼ਕ ਪਿੰਡ ਬਣਨ ਦੀ ਥਾਂ, ਬਹੁਤ ਸਾਰੀਆਂ ਮੁਸੀਬਤਾਂ, ਦੁਸ਼ਵਾਰੀਆਂ ਅਤੇ ਖਤਰਿਆਂ ਦਾ ਰੂਪ ਧਾਰਦੀ ਜਾ ਰਹੀ ਹੈ। ਮਾਂ-ਬੋਲੀ ਪੰਜਾਬੀ ਅਤੇ ਪੰਜਾਬੀ ਸਭਿਆਚਾਰ

ਖਤਮ ਹੁੰਦਾ ਜਾ ਰਿਹਾ ਹੈ। ਆਪਣੀ ਜਨਮ-ਭੂਮੀ ਦੇ ਜੰਮੇ-ਜਾਏ ਗੈਰਾਂ ਵਰਗੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਹਨ ਅਤੇ ਦੂਜੇ ਪ੍ਰਾਂਤਾਂ ਦੀ ਬੇਲਗਾਮ ਵੱਸੋਂ ਇਸ ਖੇਤਰ 'ਤੇ ਹਾਵੀ ਹੋ ਰਹੀ ਹੈ। ਇਸ ਗੰਭੀਰ ਸਮੱਸਿਆ ਕਾਰਨ, ਪੰਜਾਬ ਦੇ ਨੇੜਲੇ ਪਿੰਡ ਵੀ ਪ੍ਰਭਾਵਤ ਹੋ ਰਹੇ ਹਨ। ਇਸ ਸਾਰੇ ਦੁਖਾਂਤ ਤੇ ਸਮੱਸਿਆਵਾਂ ਬਾਰੇ ਪੰਜਾਬੀ ਟ੍ਰਿਬਿਊਨ ਦੇ ਉੱਘੇ ਪੱਤਰਕਾਰ ਤਰਲੋਚਨ ਸਿੰਘ ਨੇ ਬਹੁਤ ਮਿਹਨਤ ਨਾਲ ਲਿਖੀ ਪੁਸਤਕ 'ਚੰਡੀਗੜ੍ਹ ਉਜਾੜਿਆਂ ਦੀ ਦਾਸਤਾਨ' (2013) ਮੂੰਹੋਂ ਬੋਲਦੀ ਹੈ।

ਪੁਆਧ ਖੇਤਰ ਦੇ ਇਨ੍ਹਾਂ ਅਠਾਈ ਪਿੰਡਾਂ ਦੇ ਲੋਪ ਹੋਣ ਦੇ ਇਤਿਹਾਸ ਨੂੰ ਘੋਖਿਆਂ ਪਤਾ ਲਗਦਾ ਹੈ ਕਿ ਕਈ ਪਰਿਵਾਰਾਂ ਦੇ ਰਿਸ਼ਤਿਆਂ ਦੀ ਤਾਣੀ ਉਲਝ ਗਈ। ਕਈ ਘਰਾਂ ਦੀ ਜਾਇਦਾਦ ਦੀ ਵੰਡ-ਵੰਡਾਈ ਕਾਰਨ, ਪਰਿਵਾਰ ਟੁੱਟ ਗਏ ਤੇ ਕਈ ਝਗੜੇ ਉੱਠ ਖਲੋਏ। ਕਈਆਂ ਦੇ ਜੱਦੀ ਕਿੱਤੇ ਬੰਦ ਹੋ ਗਏ। ਕਈ ਪਛੜੀਆਂ ਜਾਤਾਂ ਦੇ ਕਿਰਤੀ-ਕਾਮੇ ਰੋਟੀ-ਰੋਜ਼ੀ ਲਈ ਠੋਕਰਾਂ ਖਾਣ ਲੱਗੇ ਕਿਉਂਕਿ ਉਹ ਪਿੰਡ ਦੀ ਕਿਸਾਨੀ ਨਾਲ ਜੁੜੇ ਹੋਏ ਸਨ।

ਰਿਸ਼ਤਿਆਂ ਵਿੱਚ ਤ੍ਰੇੜਾਂ ਪੈ ਗਈਆਂ। ਕਈ ਹੁੱਨਰ, ਕਲਾਵਾਂ ਤੇ ਘਰੇਲੂ ਦਸਤਕਾਰੀ ਦੇ ਧੰਦੇ ਸਮੇਂ ਦੀ ਭੇਟ ਚੜ੍ਹ ਗਏ। ਓਪਰਾਪਨ ਅਤੇ ਬੇਗਾਨਗੀ ਦਾ ਸੰਤਾਪ ਹੰਢਾਉਣਾ ਪਿਆ। ਆਪਸੀ ਮਿਲਣ-ਗਿਲਣ ਤੇ ਦੁਖ-ਸੁਖ ਦੀ ਸਾਂਝ ਖਿੰਡ-ਪੁੰਡ ਗਈ। ਆਪਸੀ ਲੈਣ-ਦੇਣ ਦੇ ਸਿੱਕੇ ਖੋਟੇ ਪੈ ਗਏ। ਨਵੀਆਂ ਥਾਵਾਂ 'ਤੇ ਵੱਸਣ ਲਈ ਕਈ ਚੁਣੌਤੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਆਪਣੀ ਬੋਲੀ ਤੇ ਵਿਰਸਾ ਖੁੱਸ ਗਿਆ। ਆਪਣੀ ਜਨਮ-ਭੂਮੀ ਤੋਂ ਵਿਛੜਨ ਦਾ ਵਿਗੋਚਾ, ਪਿੰਡ ਦੀਆਂ ਸਿਮਰਤੀਆਂ ਅਤੇ ਮੁਹੱਬਤੀ ਪਲਾਂ ਦੀਆਂ ਯਾਦਾਂ ਤੋਂ ਕੋਈ ਪੱਲਾ ਕਿਵੇਂ ਛੁਡਾਵੇ? ਮਿੱਟੀ ਦਾ ਮੋਹ ਮਨੁੱਖ ਦੀ ਸੰਵੇਦਨਾ 'ਚ ਉਤਰਿਆ ਹੁੰਦਾ ਹੈ ਜਿਸ ਨੂੰ ਮਨ 'ਚੋਂ ਭੁਲਾਣਾ ਔਖਾ ਹੁੰਦਾ ਹੈ। ਟੱਪਰੀਵਾਸ ਵਾਲਾ ਜੀਵਨ ਜਿਊਣਾ ਬੇਤਾਲ ਹੁੰਦਾ ਹੈ। ਅੰਦਰੋਂ ਟੁੱਟਿਆ ਮਨੁੱਖ ਉਦਾਸੀ 'ਚ ਡੁੱਬ ਜਾਂਦਾ ਹੈ। ਕਾਰਜ-ਸ਼ੀਲ ਹੋਣ ਲਈ ਸਮਾਂ ਲਗਦਾ ਹੈ। ਅਸਲ ਵਿੱਚ ਇੱਕ ਪਿੰਡ ਖੰਡਰ ਹੋਣ ਨਾਲ ਸਦੀਆਂ ਦੀ ਸੰਸਕ੍ਰਿਤੀ ਖੰਡਿਤ ਹੋ ਜਾਂਦੀ ਹੈ ਅਤੇ ਖੇਤਰੀ-ਇਤਿਹਾਸ ਸਦਾ-ਸਦਾ ਲਈ ਮਿਟ ਜਾਂਦਾ ਹੈ।

ਅੱਜ ਤੋਂ ਲਗਪਗ 25 ਸਾਲ ਪਹਿਲਾਂ, ਮੈਂ ਇਨ੍ਹਾਂ ਪਿੰਡਾਂ ਦੀ ਹੋਣੀ ਬਾਰੇ ਕਿਆਸ ਕਰਦਾ ਰਿਹਾ। ਕਈ ਤਰ੍ਹਾਂ ਦੇ ਵਿਚਾਰ ਆਏ। ਸੋਚਿਆ ਕਿ ਇਨ੍ਹਾਂ ਪਿੰਡਾਂ ਦੇ ਦਰਦ ਦੀ ਬਾਤ ਅਰੰਭੀ ਜਾਵੇ। ਇਸ ਉਜਾੜੇ ਦਾ ਇਤਿਹਾਸ ਸਾਂਭਿਆ ਜਾਵੇ। ਹਜ਼ਾਰਾਂ ਲੋਕਾਂ ਦੇ ਲੋਪ ਹੋਏ ਸੱਭਿਆਚਾਰ ਤੇ ਵਿਰਾਸਤ ਬਾਰੇ ਕਿਵੇਂ ਨਾ ਕਿਵੇਂ ਲਿਖਿਆ ਜਾਵੇ। ਅਸੀਂ ਪੁਰਾਣੀਆਂ ਸੱਭਿਆਤਾਵਾਂ ਦੇ ਇਤਿਹਾਸ ਨੂੰ ਪੜ੍ਹਦੇ ਰਹੇ ਹਾਂ ਅਤੇ ਪੜ੍ਹਾਉਂਦੇ ਵੀ ਰਹੇ ਹਾਂ। ਇਸ ਪੁਆਧ

ਖੇਤਰ ਦੀ ਮਲੀਆ-ਮੇਟ ਹੋਈ ਰਹਿਤਲ ਤੇ ਲੋਕ ਜੀਵਨ-ਸ਼ੈਲੀ ਬਾਰੇ ਕੌਣ ਲਿਖੇ? ਮੇਰੇ ਸਾਹਮਣੇ ਇੱਕ ਗੰਭੀਰ ਸਮੱਸਿਆ ਸੀ, ਇੱਕ ਚੁਣੌਤੀ ਸੀ ਜੋ ਮੈਨੂੰ ਬੇਚੈਨ ਕਰਦੀ ਰਹੀ। ਪਰੰਤੂ ਇਸ ਵੱਡੀ ਯੋਜਨਾ ਨੂੰ ਪ੍ਰਾਰੰਭ ਕਰਨਾ ਮੁਸ਼ਕਲ ਸੀ।

ਮਜ਼ਬੂਰੀਆਂ, ਔਕੜਾਂ, ਤੰਗੀਆਂ-ਤੁਰਸ਼ੀਆਂ, ਘਰੇਗੀ-ਜ਼ਿੰਮੇਵਾਰੀਆਂ ਨੇ ਮੈਨੂੰ ਸੁਪਨਾ ਸਾਕਾਰ ਕਰਨ ਤੋਂ ਰੋਕੀ ਰੱਖਿਆ। ਹੱਡੀਂ-ਹੰਢਾਏ ਤੇ ਅੱਖੀਂ ਡਿੱਠੇ ਸੱਚ ਨੇ ਮੈਨੂੰ ਮਜ਼ਬੂਰ ਕੀਤਾ।

ਸਮੇਂ ਨੇ ਸਾਥ ਦਿੱਤਾ। ਮੈਂ, ਪਿੰਡ ਭੰਗੀਮਾਜਰਾ (ਰਾਮਨਗਰ) ਦੀ ਦਾਸਤਾਨ ਬਾਰੇ ਫ਼ੀਚਰ ਪੰਜਾਬੀ ਟ੍ਰਿਬਿਊਨ ਨੂੰ ਲਿਖ ਭੇਜਿਆ। ਕੁਝ ਦਿਨਾਂ ਬਾਅਦ ਸੰਪਾਦਕ ਸੁਰਿੰਦਰ ਸਿੰਘ ਤੇਜ ਦਾ ਫ਼ੋਨ ਆਇਆ ਕਿ ਇਸ ਪਿੰਡ ਦੀ ਨਿਸ਼ਾਨੀ ਫੋਟੋ ਰੂਪ ਵਿੱਚ ਭੇਜੋ। ਮੈਨੂੰ ਖ਼ੁਸ਼ੀ ਹੋਈ, ਮੈਂ ਉਨ੍ਹਾਂ ਨੂੰ ਪੰਜਾਬ ਗਵਰਨਰ ਹਾਊਸ ਦੀ ਫੋਟੋ ਲਾਉਣ ਲਈ ਸੁਝਾਅ ਦਿੱਤਾ ਕਿਉਂਕਿ ਮੇਰੇ ਕੋਲ ਤਾਂ ਉਸ ਪਿੰਡ ਦੀ ਕੋਈ ਫੋਟੋ ਜਾਂ ਯਾਦਗਾਰੀ - ਨਿਸ਼ਾਨੀ ਨਹੀਂ ਸੀ। ਪਿੰਡ ਦੀ ਜ਼ਮੀਨ 'ਤੇ ਉਸਰੇ ਪੰਜਾਬ ਗਵਰਨਰ ਹਾਊਸ ਦੀ ਫੋਟੋ ਸਮੇਤ 2-7-2015 ਨੂੰ ਮੇਰਾ ਲੇਖ ਛਪ ਗਿਆ। ਮੈਨੂੰ ਕਿੰਨੇ ਹੀ ਫ਼ੋਨ ਆਉਣੇ ਸ਼ੁਰੂ ਹੋ ਗਏ। ਕਈ ਉੱਜੜੇ ਬੰਦਿਆਂ ਦੀਆਂ ਹਿਚਕੀਆਂ ਮੇਰੇ ਕੰਨੀ ਪਈਆਂ। ਮੈਨੂੰ ਲੱਗਿਆ ਕਿ ਮੇਰਾ ਸੁਪਨਾ ਸਾਕਾਰ ਹੋਣ ਦੇ ਰਾਹ ਪੈ ਗਿਆ ਹੈ। ਨਿਸ਼ਚਾ ਦ੍ਰਿੜ ਕੀਤਾ। ਇਸ ਖੇਤਰੀ ਖੋਜ-ਕਾਰਜ ਨੂੰ ਪ੍ਰਾਰੰਭ ਕਰਨ ਲਈ, ਮੈਂ ਅਠਾਈ-ਪਿੰਡਾਂ ਦੇ ਪਾਤਰਾਂ ਨੂੰ ਮਿਲਣਾ ਸ਼ੁਰੂ ਕੀਤਾ। ਕਦੇ ਕਿਸੇ ਪਿੰਡ, ਕਦੇ ਕਿਸੇ ਪਿੰਡ। ਢੂੰਡ-ਢੰਡਾਈ ਲਈ ਬਜ਼ੁਰਗ ਬੰਦੇ ਲੱਭਣੇ ਪਏ। ਉਨ੍ਹਾਂ ਦੇ ਦਰਦ ਨੂੰ ਸੁਣਨ ਦਾ ਮੌਕਾ ਮਿਲਿਆ। ਇਨ੍ਹਾਂ ਪਿੰਡਾਂ ਦੇ ਦਰਦ ਦੀ ਦਾਸਤਾਨ ਅੱਗੇ-ਅੱਗੇ ਤੁਰਦੀ ਗਈ ਤੇ ਪੰਜਾਬੀ ਟ੍ਰਿਬਿਊਨ 'ਚ 'ਚੰਡੀਗੜ੍ਹ ਵੱਲੋਂ ਗ੍ਰਸੇ ਪਿੰਡ' ਲੜੀ ਸ਼ੁਰੂ ਹੋ ਗਈ। ਪੰਜਾਬ ਦੇ ਪਾਠਕਾਂ ਤੋਂ ਬਿਨਾਂ ਬਦੇਸ਼ਾਂ 'ਚੋਂ ਵੀ ਮੈਨੂੰ ਫ਼ੋਨ ਆਉਣੇ ਸ਼ੁਰੂ ਹੋ ਗਏ। ਪ੍ਰਸੰਸਾ ਮਿਲੀ ਤੇ ਪੁਸਤਕ ਦਾ ਰੂਪ ਦੇਣ ਲਈ ਹਰ ਕਿਸੇ ਦੇ ਬੋਲਾਂ ਨੇ ਉਤਸ਼ਾਹ ਦਿੱਤਾ। ਸਾਹਿਤਕਾਰਾਂ, ਵਿਦਵਾਨਾਂ ਤੇ ਆਲੋਚਕਾਂ ਨੇ ਵੀ ਇਸ ਕਾਰਜ ਦੀ ਸ਼ਲਾਘਾ ਕੀਤੀ।

ਮੈਂ ਚਾਹੁੰਦਾ ਸਾਂ ਕਿ ਲਿਖਤ ਦੇ ਨਾਲ-ਨਾਲ ਇਨ੍ਹਾਂ ਪਿੰਡਾਂ ਦੇ ਗੁਆਚੇ ਤੇ ਲੋਪ ਹੋਏ ਵਿਰਾਸਤੀ ਖ਼ਜ਼ਾਨੇ ਨੂੰ ਫੋਟੋਆਂ ਰਾਹੀਂ ਵੀ ਸਾਂਭਿਆ ਜਾਵੇ। ਇਸ ਪੁਸਤਕ ਵਿਚ ਮੈਂ ਨਿੱਜੀ ਜਤਨਾਂ ਨਾਲ ਲਗਪਗ 135 ਮੂਰਤਾਂ ਅੰਕਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਫ਼ਸੋਸ ਹੈ ਕਿ ਉਦੋਂ ਦੇ ਵਸਦੇ-ਰਸਦੇ ਕਿਸੇ ਵੀ ਪਿੰਡ ਦੀ ਫੋਟੋ ਉਪਲਬਧ ਨਹੀਂ ਹੋ ਸਕੀ। ਉਨ੍ਹਾਂ ਦੇ ਘਰਾਂ ਦੀਆਂ ਨਿਸ਼ਾਨੀਆਂ, ਜੋ ਮਿਲ ਸਕੀਆਂ ਸਾਂਭਣ ਦਾ ਜਤਨ ਕੀਤਾ ਹੈ। ਇਨ੍ਹਾਂ ਪਿੰਡਾਂ ਦੇ ਤੱਥਾਂ ਤੇ ਅੰਕੜਿਆਂ ਬਾਰੇ ਦਿੱਤੀ ਜਾਣਕਾਰੀ ਮੁਕੰਮਲ ਪ੍ਰਮਾਣਿਕਤਾ ਵਾਲੀ ਨਹੀਂ ਆਖੀ ਜਾ ਸਕਦੀ। ਬਜ਼ੁਰਗਾਂ ਤੋਂ ਸੁਣੇ ਬਿਰਤਾਂਤ ਹੀ ਮੇਰੇ ਲਈ ਸ੍ਰੋਤ ਦੇ ਸੋਮੇ ਸਨ। ਜਿਨ੍ਹਾਂ

ਵਿਅਕਤੀਆਂ ਨੇ ਆਪਣਾ ਪਿੰਡ ਢਹਿ-ਢੇਰੀ ਹੁੰਦਾ ਅੱਖੀਂ ਵੇਖਿਆ ਸੀ, ਉਨ੍ਹਾਂ ਬਜ਼ੁਰਗਾਂ 'ਚੋਂ ਤਾਂ ਕੋਈ ਟਾਵਾਂ-ਟਾਵਾਂ ਹੀ ਮਿਲਿਆ। ਉਨ੍ਹਾਂ ਦੇ ਅੱਗੇ ਵਾਰਸ ਪੁੱਤਰ-ਧੀਆਂ ਜਾਂ ਸਬੰਧੀਆਂ ਤੋਂ ਸੁਣੀਆਂ-ਸੁਣਾਈਆਂ ਗੱਲਾਂ ਹੀ ਪਿੱਛੇ ਰਹਿ ਗਈਆਂ ਹਨ। ਇਹ ਕਿਹੋ ਜਿਹੀ ਵਿਡੰਬਨਾ ਹੈ ਕਿ ਅਸੀਂ ਆਪਣਾ ਵਿਰਸਾ-ਵਿਰਾਸਤ ਸਾਂਭਣ ਵਿੱਚ ਵੀ ਗਰੀਬ ਰਹਿ ਗਏ ਹਾਂ। ਬਹੁਤ ਕੁਝ ਗੁੰਮ ਗੁਆਚ ਗਿਆ ਤੇ ਪਿੰਡਾਂ ਦੀ ਰੂਹ ਮਿੱਟੀ ਥੱਲੇ ਦਬ ਗਈ। ਅਜੋਕਾ ਸਮਾਂ ਬਹੁਤ ਤੇਜ਼ੀ ਨਾਲ ਤਬਦੀਲੀ ਲਿਆ ਰਿਹਾ ਹੈ। ਮਾਇਆ ਦੀ ਦੌੜ ਤੇ ਵਿਸ਼ਵੀਕਰਨ ਦੀ ਹਨੇਰੀ ਬੜਾ ਕੁਝ ਵਿਨਾਸ਼ ਕਰਦੀ ਜਾ ਰਹੀ ਹੈ। ਕੁਝ ਸਾਲਾਂ ਬਾਅਦ ਤਾਂ ਇਹ ਕੁਝ ਵੀ ਹੱਥੋਂ ਕਿਰ ਜਾਣਾ ਹੈ। ਖ਼ੂਬਸੂਰਤ ਸ਼ਹਿਰ ਚੰਡੀਗੜ੍ਹ ਵਸਾਉਣ ਲਈ ਇਨ੍ਹਾਂ ਪਿੰਡਾਂ ਦੇ ਵਸਨੀਕਾਂ ਨਾਲ ਬੇਇਨਸਾਫ਼ੀ, ਵਿਤਕਰੇਬਾਜ਼ੀ, ਧੱਕੇਸ਼ਾਹੀ, ਅਫ਼ਸਰਸ਼ਾਹੀ ਤੇ ਨਾ-ਬਰਾਬਰੀ ਦੇ ਵਤੀਰੇ ਦੀਆਂ ਕਿੰਨੀਆਂ ਹੀ ਦਰਦ-ਕਹਾਣੀਆਂ ਇਨ੍ਹਾਂ ਲੋਪ ਹੋਏ ਪਿੰਡਾਂ ਦੀ ਧਰਤੀ ਥੱਲੇ ਦਬੀਆਂ ਪਈਆਂ ਹਨ। ਇਸ ਦਰਦ ਨੂੰ ਇਨ੍ਹਾਂ ਪਿੰਡਾਂ ਦੀ ਗਾਥਾ ਰਾਹੀਂ ਸਾਂਭਣ ਦਾ ਨਿਮਾਣਾ ਜਿਹਾ ਜਤਨ ਕੀਤਾ ਗਿਆ ਹੈ ਜੋ ਕਈ ਪੱਖਾਂ ਤੋਂ ਅਧੂਰਾ ਹੋ ਸਕਦਾ ਹੈ। ਇਕੱਲੇ-ਇਕੱਲੇ ਪਿੰਡ ਬਾਰੇ ਪੁਸਤਕ ਲਿਖੀ ਜਾ ਸਕਦੀ ਹੈ। ਮੈਂ ਤਾਂ ਹਰ ਪਿੰਡ ਦੇ ਬੋਹੀਏ ਦੀਆਂ ਪੂਣੀਆਂ 'ਚੋਂ ਇੱਕ-ਇੱਕ ਪੂਣੀ ਹੀ ਕੱਤਣ ਦੀ ਕੋਸ਼ਿਸ਼ ਕੀਤੀ ਹੈ, ਗੋੜ੍ਹੇ ਤਾਂ ਬਹੁਤ ਹਨ।

ਚੰਡੀਗੜ੍ਹ ਪ੍ਰਸ਼ਾਸ਼ਨ ਨੂੰ ਚਾਹੀਦਾ ਹੈ ਕਿ ਇਨ੍ਹਾਂ ਪਿੰਡਾਂ ਦੇ ਨਾਵਾਂ 'ਤੇ ਚੌਕਾਂ ਤੇ ਸੜਕਾਂ ਦੇ ਨਾਮ ਰੱਖੇ ਜਾਣ, ਕਈ ਅਦਾਰਿਆਂ ਦੇ ਨਾਮ ਰੱਖੇ ਜਾਣ, ਨਿਸ਼ਚਿਤ ਥਾਂ 'ਤੇ ਹਰ ਪਿੰਡ ਦੀ ਸੰਖੇਪ ਜਾਣਕਾਰੀ ਦੇ ਬੋਰਡ ਲਾਏ ਜਾਣ, ਇੱਕ ਨਿਸ਼ਚਿਤ ਥਾਂ 'ਤੇ 28 ਪਿੰਡਾਂ ਦੀ ਸੂਚੀ ਦੀ ਲਾਠ ਉਸਾਰੀ ਜਾਵੇ ਜਾਂ ਕੋਈ ਢੁਕਵੀਂ ਯਾਦਗਾਰ ਸਥਾਪਤ ਕੀਤੀ ਜਾਵੇ ਤਾਂ ਜੋ ਚੰਡੀਗੜ੍ਹ ਵਾਸੀਆਂ, ਸੈਲਾਨੀਆਂ ਅਤੇ ਨਵੀਂ-ਪੀੜ੍ਹੀ ਨੂੰ ਚੰਡੀਗੜ੍ਹ ਵਸਾਉਣ ਦੇ ਇਤਿਹਾਸ ਬਾਰੇ ਜਾਣਕਾਰੀ ਮਿਲ ਸਕੇ।

ਮੈਂ ਉਨ੍ਹਾਂ ਸਾਰੇ ਬਜ਼ੁਰਗਾਂ ਦਾ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਆਪਣੇ ਪਿੰਡਾਂ ਬਾਰੇ ਜਾਣਕਾਰੀ ਦੇਣ ਵਿੱਚ ਮਦਦ ਕੀਤੀ। ਭੁੱਲਾਂ ਲਈ ਖ਼ਿਮਾ ਕਰਨਾ।

ਸੁਝਾਅਵਾਂ ਲਈ ਤੇ ਪੁਸਤਕ ਦੀ ਬਿਹਤਰੀ ਲਈ ਪਾਠਕਾਂ ਦੇ ਹੁੰਗਾਰੇ ਦੀ ਉਡੀਕ 'ਚ,

23 ਮਾਰਚ, 2016

ਮਨਮੋਹਨ ਸਿੰਘ ਦਾਊਂ
ਮੋਬਾਇਲ : 9815123900

## ਅ. ਇੱਕ ਗਾਥਾ

ਚੰਡੀਗੜ੍ਹ ਸ਼ਹਿਰ ਨੇ ਵੱਸਣਾ ਸੀ ਤੇ ਪਿੰਡਾਂ ਦੇ ਘਰਾਂ ਨੇ ਢੱਠਣਾ ਸੀ। ਲੋਕ-ਤੰਤਰ ਦੇ ਰਾਜ ਸਮੇਂ ਪ੍ਰਸ਼ਾਸਨ ਨੇ ਆਪਣੇ ਲੋਕਾਂ ਪ੍ਰਤੀ ਦੂਰ-ਅੰਦੇਸ਼ੀ ਤੇ ਸਹਾਨਭੂਤੀ ਤੋਂ ਕੰਮ ਲੈਣਾ ਸੀ। ਪਰ ਇੰਝ ਨਹੀਂ ਹੋਇਆ। ਸਰਕਾਰ ਜਬਰ ਕਰਨ ਦੇ ਰਾਹ 'ਤੇ ਤੁਰ ਪਈ। ਜ਼ਿਆਦਤੀ ਕਿਸੇ ਨਾਲ ਵੀ ਹੋਵੇ, ਉਸ ਦਾ ਦਰਦ ਕਰੁਣਾਮਈ ਹੁੰਦਾ ਹੈ। ਪੁਆਧ ਦੇ ਇਨ੍ਹਾਂ ਪਿੰਡਾਂ ਦੇ ਦਰਦ ਦੇ ਪ੍ਰਸੰਗ ਵਿੱਚ ਇੱਥੇ ਇੱਕ ਪੁਰਾਣੀ ਗਾਥਾ ਦਾ ਜ਼ਿਕਰ ਕਰਨਾ ਚੇਤੇ ਆ ਰਿਹਾ ਹੈ:

## ਮਿੱਟੀ ਨਾਲੋਂ ਜਬਰ ਭਾਰੀ

ਪੁਰਾਣੇ ਸਮਿਆਂ ਦੀ ਗੱਲ ਹੈ, ਖ਼ਲੀਫਾ ਨਾਂ ਦਾ ਇੱਕ ਬਾਦਸ਼ਾਹ ਹੁੰਦਾ ਸੀ। ਉਸ ਨੂੰ ਸ਼ਾਨੋ-ਸ਼ੌਕਤ ਨਾਲ ਰਹਿਣ ਦਾ ਬਹੁਤ ਸ਼ੌਕ ਸੀ। ਉਹ ਚਾਹੁੰਦਾ ਸੀ ਕਿ ਉਸ ਦੀ ਅਮੀਰੀ ਦੀਆਂ ਧੁੰਮਾਂ ਦੂਰ-ਦੂਰ ਤੱਕ ਪੈ ਜਾਣ।

ਇਕ ਵੇਰ ਉਸ ਨੇ ਆਪਣੇ ਮਹਿਲਾਂ, ਬਾਗਾਂ ਤੇ ਸ਼ਹਿਰ ਨੂੰ ਹੋਰ ਸੁੰਦਰ ਬਣਾਉਣਾ ਚਾਹਿਆ। ਉਸ ਨੇ ਆਪਣੇ ਮਹਿਲਾਂ ਦੇ ਨੇੜੇ ਵਸਦੇ ਗਰੀਬ ਲੋਕਾਂ ਦੇ ਮਕਾਨਾਂ ਦੀ ਥਾਂ ਖਰੀਦ ਕੇ ਉਨ੍ਹਾਂ ਦੀ ਕੀਮਤ ਦੇਣੀ ਸ਼ੁਰੂ ਕਰ ਦਿੱਤੀ। ਲੋਕਾਂ ਦੇ ਕੱਚੇ ਮਕਾਨ ਉਸ ਨੂੰ ਕੋਝੇ ਲੱਗਣ ਲੱਗ ਪਏ। ਗਰੀਬ ਲੋਕਾਂ ਦੇ ਮਕਾਨ ਤਾਂ ਉਸ ਨੂੰ ਬਿਲਕੁਲ ਹੀ ਅੱਖੀਂ ਨਾ ਭੌਂਦੇ।

ਬਾਦਸ਼ਾਹ ਨੇ ਨੌਕਰਾਂ ਨੂੰ ਧਨ ਦੇ ਕੇ ਲੋਕਾਂ ਦੇ ਮਕਾਨ ਢਾਉਣੇ ਸ਼ੁਰੂ ਕਰ ਦਿੱਤੇ। ਬਾਦਸ਼ਾਹ ਦੇ ਹੁਕਮ ਅੱਗੇ ਗਰੀਬ ਪਰਜਾ ਕੀ ਕਰ ਸਕਦੀ ਸੀ। ਮਕਾਨ ਢੱਠਦੇ ਗਏ ਤੇ ਲੋਕ ਚੁੱਪ-ਚਾਪ ਅੱਥਰੂ ਕੇਰਦੇ ਰਹੇ।

ਇਕ ਦਿਨ ਇਕ ਗਰੀਬ ਵਿਧਵਾ ਔਰਤ ਦਾ ਮਕਾਨ ਢਾਹੁਣ ਦੀ ਵਾਰੀ ਆ ਗਈ। ਨੌਕਰ ਹੁਕਮਾਂ ਦੀ ਪਾਲਣਾ ਮੰਨ ਕੇ ਉਸ ਵਿਧਵਾ ਔਰਤ ਦੇ ਘਰ ਅੱਗੇ ਜਾ ਖਲੋਏ ਤੇ ਔਰਤ ਦੇ ਮਕਾਨ ਦੀ ਕੀਮਤ ਪੇਸ਼ ਕੀਤੀ। ਉਹ ਔਰਤ ਕਿਸੇ ਵੀ ਮੁੱਲ 'ਤੇ ਆਪਣੇ ਬਜ਼ੁਰਗਾਂ ਦੀ ਜਾਇਦਾਦ ਦੀ ਨਿਸ਼ਾਨੀ ਨਾਸ਼ ਹੁੰਦਿਆਂ ਵੇਖਣੀ ਨਹੀਂ ਸੀ ਚਾਹੁੰਦੀ। ਉਸ ਨੇ ਨੌਕਰਾਂ ਅੱਗੇ ਬੜੇ ਤਰਲੇ ਕੀਤੇ ਪਰ ਗਰੀਬ ਔਰਤ ਦੀ ਕੌਣ ਸੁਣਦਾ।

ਬਾਦਸ਼ਾਹ ਦੇ ਨੌਕਰਾਂ ਨੇ ਜਬਰੀ ਉਸ ਔਰਤ ਦਾ ਮਕਾਨ ਢਾਹ ਦਿਤਾ ਤੇ ਵਿਚਾਰੀ ਬੁੱਢੀ ਔਰਤ ਰੋਣ ਤੋਂ ਸਿਵਾ ਕੁਝ ਨਾ ਕਰ ਸਕੀ।

ਆਖ਼ਰ ਉਹ ਔਰਤ ਰੋਂਦੀ ਕੁਰਲਾਂਦੀ ਬਾਦਸ਼ਾਹ ਦੇ ਕਾਜ਼ੀ (ਜੱਜ) ਕੋਲ ਫਰਿਆਦ ਕਰਨ ਚਲੀ ਗਈ। ਉਸ ਨੇ ਆਪਣੇ ਦਰਦ ਦੀ ਕਹਾਣੀ ਕਹਿ ਸੁਣਾਈ। ਕਾਜ਼ੀ ਨੂੰ ਵਿਧਵਾ ਔਰਤ ਨਾਲ ਹੋਈ ਬੇਇਨਸਾਫ਼ੀ ਉੱਤੇ ਤਰਸ ਆਇਆ। ਗੱਲ ਠੀਕ ਸੀ ਕਿ ਕੋਈ ਕਿਸੇ ਦੇ ਘਰ ਨੂੰ ਜਬਰੀ ਕਿਉਂ ਢਾਹੇ ? ਕਾਜ਼ੀ ਇਨਸਾਫ਼ ਕਰਨਾ ਚਾਹੁੰਦਾ ਹੋਇਆ ਵੀ ਬੇਬਸ ਸੀ ਪਰ ਬਾਦਸ਼ਾਹ ਦੇ ਹੁਕਮਾਂ ਦੀ ਨਿਖੇਧੀ ਕੌਣ ਕਰੇ ?

ਸੋਚ-ਸੋਚ ਕੇ ਕਾਜ਼ੀ ਨੇ ਵਿਧਵਾ ਔਰਤ ਨੂੰ ਖ਼ੁਦਾ 'ਤੇ ਭਰੋਸਾ ਰੱਖਣ ਲਈ ਧਰਵਾਸ

ਦੇ ਕੇ ਉਥੋਂ ਭੇਜ ਦਿਤਾ।

ਕਾਜ਼ੀ ਬਹੁਤ ਸੂਝਵਾਨ ਸੀ। ਉਸ ਨੂੰ ਇਕ ਤਰਕੀਬ ਸੁੱਝੀ।

ਇਕ ਦਿਨ ਕਾਜ਼ੀ ਇਕ ਖੋਤਾ ਤੇ ਇਕ ਖਾਲੀ ਬੋਰਾ ਲੈ ਕੇ ਬਾਦਸ਼ਾਹ ਦੀ ਨਵੀਂ ਉਸਰ ਰਹੀ ਇਮਾਰਤ ਵੱਲ ਚੱਲ ਪਿਆ। ਬਾਦਸ਼ਾਹ ਵੇਖ ਕੇ ਹੈਰਾਨ ਹੋਇਆ। ਕਾਜ਼ੀ ਨੇ ਬਾਦਸ਼ਾਹ ਅੱਗੇ ਸਤਿਕਾਰ ਨਾਲ ਸਿਰ ਝੁਕਾਇਆ ਤੇ ਬੇਨਤੀ ਕੀਤੀ, "ਬਾਦਸ਼ਾਹ ਸਲਾਮਤ! ਮੈਨੂੰ ਇਸ ਮਿੱਟੀ ਦੇ ਢੇਰ ਵਿਚੋਂ ਇਕ ਬੋਰਾ ਮਿੱਟੀ ਚਾਹੀਦੀ ਹੈ। ਜੇ ਆਗਿਆ ਹੋਵੇ ਤਾਂ ਲੈ ਲਵਾਂ ?"

ਬਾਦਸ਼ਾਹ ਨੇ ਆਗਿਆ ਦੇ ਦਿੱਤੀ। ਕਾਜ਼ੀ ਨੇ ਖੋਤੇ 'ਤੇ ਬੋਰਾ ਲੱਦਣ ਲਈ ਬੜੀ ਨਿਮਰਤਾ ਨਾਲ ਬਾਦਸ਼ਾਹ ਤੋਂ ਮਦਦ ਮੰਗੀ। ਬਾਦਸ਼ਾਹ ਨੇ ਗੰਭੀਰ ਹੁੰਦਿਆਂ, ਬੋਰੇ ਨੂੰ ਹੱਥ ਪੁਆਉਣ ਦੀ ਕੋਸ਼ਿਸ਼ ਕੀਤੀ। ਦੋਵਾਂ ਤੋਂ ਬੋਰਾ ਚੁੱਕਣਾ ਮੁਹਾਲ ਹੋ ਗਿਆ।

ਬਾਦਸ਼ਾਹ ਨੇ ਹੈਰਾਨ ਹੋ ਕੇ ਕਿਹਾ,"ਹੈਂ! ਇਹ ਮਿੱਟੀ ਦਾ ਬੋਰਾ ਤਾਂ ਬਹੁਤ ਭਾਰੀ ਹੋ ਗਿਆ ਹੈ।"

ਕਾਜ਼ੀ ਨੇ ਮੌਕਾ ਤਾੜਦੇ ਹੋਏ ਬੜੀ ਹਲੀਮੀ ਨਾਲ ਕਿਹਾ, "ਐ ਬਾਦਸ਼ਾਹ ਸਲਾਮਤ, ਤੁਹਾਨੂੰ ਇਸ ਬੋਰੇ ਦੀ ਮਿੱਟੀ ਦਾ ਵਜ਼ਨ ਬਹੁਤ ਭਾਰੀ ਲੱਗਿਆ ਹੈ। ਪਰ ਅੱਲਾ ਦੀ ਦਰਗਾਹ ਵਿਚ, ਲੋਕਾਂ ਦੀ ਖੋਹੀ ਜ਼ਮੀਨ ਦਾ ਭਾਰ ਜਦੋਂ ਨਿਆਂ ਕਰਨ ਵਾਲਾ ਕਾਜ਼ੀ ਤੁਹਾਡੇ ਮੋਢਿਆਂ ਉੱਤੇ ਰੱਖੇਗਾ ਤਾਂ ਤੁਸੀਂ ਉਸ ਨੂੰ ਕਿਵੇਂ ਚੁੱਕ ਸਕੋਗੇ ? ਜਬਰ ਦਾ ਭਾਰ ਤਾਂ ਇਸ ਮਿੱਟੀ ਦੇ ਭਾਰ ਨਾਲੋਂ ਕਿਤੇ ਵੱਧ ਹੋਵੇਗਾ। ਲੋਕਾਂ ਦੀਆਂ ਪੀੜਾਂ ਦਾ ਦਰਦ ਕੁਰਲਾ ਰਿਹਾ ਹੋਰ ਵੀ ਭਾਰ ਵਧਾ ਦੇਵੇਗਾ।"

ਇਹ ਸੁਣ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ। ਉਸ ਦਾ ਮਨ ਝੰਜੋੜਿਆ ਗਿਆ। ਉਸ ਨੂੰ ਕਾਜ਼ੀ ਦੀ ਅਕਲ ਅਤੇ ਦਲੇਰੀ ਬਹੁਤ ਚੰਗੀ ਲੱਗੀ। ਉਸ ਨੂੰ ਵਿਧਵਾ ਔਰਤ ਦੀ ਫਰਿਆਦ ਯਾਦ ਆ ਗਈ। ਉਸ ਨੇ ਤੁਰੰਤ ਹੁਕਮ ਦਿਤਾ ਕਿ ਉਸ ਔਰਤ ਨੂੰ ਨਵੀਂ ਇਮਾਰਤ ਵਾਲੀ ਥਾਂ ਸਮੇਤ ਉਸ ਦੀ ਸਾਰੀ ਜ਼ਮੀਨ ਮੋੜ ਦਿਤੀ ਜਾਵੇ ਤੇ ਉਸ ਨੂੰ ਉਸ ਵਿਚ ਰਹਿਣ ਦੀ ਆਗਿਆ ਦੇ ਦਿਤੀ ਜਾਵੇ।

ਵਿਧਵਾ ਔਰਤ ਨੇ ਕਾਜ਼ੀ ਦੇ ਇਨਸਾਫ਼ ਨੂੰ ਫੁੱਲ ਚੜ੍ਹਾਉਂਦਿਆਂ ਖ਼ੁਦਾ ਦਾ ਸ਼ੁਕਰ ਕੀਤਾ।

---------------------------- (ਗਾਥਾ ਸਮਾਪਤ)

ਕੀ ਸਰਕਾਰਾਂ ਨੂੰ ਉਸ ਬਾਦਸ਼ਾਹ ਵਾਂਗੂ ਸੰਵੇਦਨਾ ਨਾਲ

ਲੋਕਾਂ ਦੇ ਹਿੱਤ ਲਈ ਸੋਚਣਾ ਨਹੀਂ ਸੀ ਬਣਦਾ ?...........

# ੲ. ਤਰੱਕੀ-ਤਬਾਹੀ ਦਾ ਤਾਂਡਵ

ਬਦਲਣਾ, ਵਿਗਸਣਾ, ਮੌਲਣਾ, ਪੁੰਗਰਨਾ, ਰੰਗ ਰੂਪ ਵਟਾਉਣਾ ਕੁਦਰਤ ਦਾ ਅਟੱਲ ਵਰਤਾਰਾ ਹੈ। ਇਸ ਨਿਯਮ ਅਨੁਸਾਰ ਹੀ ਸਮੁੱਚੀ ਨਿਰਜੀਵ ਤੇ ਸਜੀਵ ਕੁਦਰਤ ਦਾ ਪਸਾਰਾ ਅਨੰਤ ਕਾਲ ਤੋਂ ਪਤਾ ਨਹੀਂ ਕਿੰਨੀ ਵਾਰ ਪਸਰਿਆ ਹੈ। ਜਿਸ ਨੂੰ ਅੱਜ ਨਵਾਂ ਨਿਕੋਰ ਸਮਝਿਆ ਜਾਂਦਾ ਹੈ, ਉਹ ਅਸਲੀਅਤ ਵਿਚ ਪੁਰਾਣੇ ਦਾ ਹੀ ਥੋੜਾ ਬਹੁਤ ਬਦਲਿਆ ਹੋਇਆ ਰੂਪ ਹੁੰਦਾ ਹੈ। ਇਸ ਤਬਦੀਲੀ ਦਾ ਅਧਾਰ ਹੁੰਦੀ ਹੈ ਵੰਨ-ਸੁਵੰਨਤਾ, ਭਿੰਨਤਾਈ, ਅੱਡਰਾਪਣ ਤੇ ਨਿਵੇਕਲੇਪੁਣੇ ਵਾਲੀਆਂ ਵਿਸ਼ੇਸ਼ਤਾਈਆਂ ਦੇ ਸੁੱਚਜੇ ਸੁਮੇਲ ਦੀ ਸਿਰਜਣ ਪ੍ਰਕਿਰਿਆ। ਇਸ ਪ੍ਰਕਿਰਿਆ ਦੀ ਬਦੌਲਤ ਹੀ ਅਸੀਂ ਲੱਖਾਂ ਕਿਸਮਾਂ ਦੇ ਜੀਵ-ਜੰਤ ਅਤੇ ਅਨੇਕਾਂ ਵੰਨਗੀਆਂ ਦੀ ਬਨਾਸਪਤੀ ਵੇਖ ਰਹੇ ਹਾਂ। ਗਿਆਨ-ਵਿਗਿਆਨ ਦੇ ਧੁਰੰਤਰ ਖੋਜੀ ਵਿਦਵਾਨਾ ਨੇ ਇਹ ਨਿਯਮ ਭਲੀ-ਭਾਂਤ ਸਮਝ ਕੇ ਸਿੱਟਾ ਕੱਢਿਆ ਹੈ ਕਿ ਵਿਕਾਸ ਜਾਂ ਤਰੱਕੀ ਦੀ ਜੜ-ਬੁਨਿਆਦ ਵੰਨ-ਸੁਵੰਨਤਾ ਹੁੰਦੀ ਹੈ। ਭਿੰਨਤਾਈਆਂ ਤੇ ਨਿਆਰੇਪੁਣੇ ਨੂੰ ਮਲੀਆਮੇਟ ਕਰ ਕੇ ਵਕਤੀ ਤੌਰ ਤੇ ਭਾਵੇ ਤਰੱਕੀ ਜਾਂ ਵਿਕਾਸ ਦਾ ਭੁਲੇਖਾ ਪਵੇ, ਭਰਮ ਪੈਦਾ ਹੋਵੇ ਕਿ ਵਿਕਾਸ ਹੋਇਆ ਹੈ, ਹਕੀਕਤ ਵਿਚ ਇਹ ਵਿਨਾਸ਼ ਹੁੰਦਾ ਹੈ। ਖੇਤਰ ਭਾਵੇਂ ਬੋਲੀ ਦਾ ਹੋਵੇ ਜਾਂ ਸਭਿਆਚਾਰ ਦਾ, ਬੇਸ਼ਕ ਖੇਤੀ-ਬਾੜੀ, ਆਰਥਿਕਤਾ ਜਾਂ ਸਮਾਜ ਦਾ ਕੋਈ ਵੀ ਹੋਰ ਪਾਸਾਰ ਹੋਵੇ, ਅੰਤ ਵਿਨਾਸ਼ਕਾਰੀ ਤੇ ਤਬਾਹਕੁੰਨ ਹੁੰਦਾ ਹੈ।

ਪਿਛਲੀਆਂ ਦੋ ਢਾਈ ਸਦੀਆਂ 'ਚ ਅਜੋਕੇ ਅਖਾਉਤੀ ਵਿਗਿਆਨਕ ਤਰੱਕੀ ਦੇ ਨਤੀਜੇ ਸਾਡੇ ਸਾਹਮਣੇ ਪ੍ਰਤੱਖ ਤਬਾਹੀ ਦੇ ਰੂਪ ਵਿਚ ਜ਼ਾਹਰ ਹੋਏ ਹਨ। ਹੁਣ ਅਸੀਂ ਸਾਰੇ ਕੁਦਰਤ ਦੇ ਸਹਿਜ-ਵਿਕਾਸ ਦਾ ਗਾਡੀ ਰਾਹ ਛੱਡ ਆਪਹੁਦਰੇ, ਸਵਾਰਥੀ ਵਿਕਾਸ ਦੀਆਂ ਘੁੰਮਣਘੇਰੀਆਂ ਵਿਚ ਫਸੇ ਹੋਏ ਕੁਰਲਾ ਰਹੇ ਹਾਂ। ਸਾਡਾ ਵਾਤਾਵਰਣ ਪ੍ਰਦੂਸ਼ਤ ਹੋ ਗਿਆ ਹੈ, ਭਾਈਚਾਰੇ, ਰਿਸ਼ਤੇ-ਨਾਤੇ, ਮਿੱਤਰਚਾਰੇ ਟੁੱਟ ਰਹੇ ਹਨ। ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਭਿਆਨਕ ਤੇ ਦੁਖਦਾਈ ਘਟਨਾਵਾਂ ਵਿਚ ਨਿਰੰਤਰ ਵਾਧਾ ਹੋ ਰਿਹਾ ਹੈ। ਹਰ ਖੇਤਰ ਵਿਚ ਖਤਰਨਾਕ ਅੱਤਵਾਦ ਦਾ ਬੋਲ-ਬਾਲਾ ਹੈ। ਸਵਾਲਾਂ ਦਾ ਸਵਾਲ ਹੈ ਕਿ ਇਸ ਵਿਕਰਾਲ ਮਹਾਂ ਪਰਲੋ ਤੋਂ ਬਚਿਆ ਕਿਵੇਂ ਜਾਵੇ?

ਬੋਲੀ ਤੇ ਵਿਰਾਸਤ ਦੀ ਭਿੰਨਤਾਈ ਬਚਾਉਣ ਵਾਲੀ ਵਿਗਿਆਨਕ ਸੋਚ ਅਨੁਸਾਰ ਅੱਗੇ ਵਧਣਾ 'ਪੰਜਾਬੀ ਸੱਥਾਂ' ਵਾਲਿਆ ਦਾ ਮੁਹਰਲਾ ਕਾਰਜ ਰਿਹਾ ਹੈ। ਇਸ ਵਿਚਾਰ ਧਾਰਾ ਨੂੰ ਅਮਲ ਦੀ ਕੁਠਾਲੀ ਵਿਚ ਢਾਲਣ ਦਾ ਮੁੱਢ ਪੁਆਧ ਦੀ ਧਰਤੀ ਤੋਂ ਬਝਿਆ। 'ਪੁਆਧ ਦਰਪਣ' ਨਾਮੀ ਪੁਸਤਕ ਜਿਹੜੀ ਸ. ਮਨਮੋਹਨ ਸਿੰਘ ਦਾਊਂ ਹੋਰਾਂ ਦੇ ਅਣਥਕ ਯਤਨਾ ਅਤੇ 'ਯੂਰਪੀ ਪੰਜਾਬੀ ਸੱਥ' ਵਾਲਸਾਲ ਯੂ. ਕੇ. ਦੇ ਨਿਗਰਾਨ ਸ. ਮੋਤਾ ਸਿੰਘ

ਸਰਾਏ ਦੇ ਸਹਿਯੋਗ ਨਾਲ ਛਾਪੀ ਗਈ ਸੀ, ਨੇ 'ਮੋਹੜੀ ਗੱਡ' ਭੂਮਿਕਾ ਨਿਭਾਈ। ਪੁਆਧ ਖੇਤਰ ਦੀ ਵਿਸ਼ੇਸ਼ਤਾਈ ਦੇ ਅਹਿਮ ਮੁੱਦੇ ਨੂੰ ਗੰਭੀਰਤਾ ਨਾਲ ਉਠਾਇਆ। ਲਗਭਗ ਅਲੋਪੀ ਦੇ ਕਾਗਾਰ ਤੇ ਪੁੱਜੀ ਪੰਜਾਬੀ ਦੀ ਪੂਰਬੀ ਅੱਧ ਦੀ ਅਤਿਅੰਤ ਮਿੱਠੀ ਤੇ ਮਹੱਤਵਪੂਰਨ 'ਪੂਆਧੀ' ਉਪਬੋਲੀ ਨੂੰ ਮੁੜ ਉਭਾਰਨਾ ਪੁਆਧੀ ਸੱਥ ਦੀ ਪ੍ਰਾਪਤੀ ਹੋ ਨਿਬੜੀ। ਇਸ ਪੁਨਰ ਸਥਾਪਤੀ ਤੇ ਸੁਰਜੀਤੀ ਦੇ ਇਤਿਹਾਸਕ ਕਾਰਨਾਮੇ ਦਾ ਸਿਹਰਾ ਸ. ਮਨਮੋਹਨ ਸਿੰਘ ਦਾਊਂ ਤੇ ਬੀਬੀ ਦਲਜੀਤ ਕੌਰ ਦਾਊਂ ਦੇ ਸਿਰ ਹੀ ਬੱਝਦਾ ਹੈ। ਇਸ ਸੱਥ ਦੀ ਨਿਗਰਾਨ ਇਸ ਸੁਭਾਗ ਜੋੜੀ ਨੇ ਪਿਛਲੇ ਇਕ ਦਹਾਕੇ ਵਿਚ ਹੀ 'ਪੁਆਧੀ' ਲਹਿਜੇ ਨੂੰ ਸਿਖਰਲੇ ਸਥਾਨ 'ਤੇ ਪਹੁੰਚਾ ਦਿੱਤਾ ਹੈ। ਅੱਜ ਯੂਨੀਵਰਸਿਟੀਆਂ, ਭਾਸ਼ਾ ਵਿਭਾਗ ਤੇ ਕਈ ਹੋਰ ਸਾਹਿਤਕ ਅਦਾਰਿਆਂ ਨੂੰ ਮਜਬੂਰ ਹੋਣਾ ਪਿਆ ਹੈ, ਕਿ ਉਹ ਵੀ ਏਸ ਪਾਸੇ ਗੰਭੀਰਤਾ ਨਾਲ ਸੋਚਣ ਵਿਚਾਰਨ। ਹੁਣ ਕਈ ਖੋਜਕਾਰ ਪੁਆਧੀ ਭਾਸ਼ਾ ਸਬੰਧੀ ਐਮ. ਫਿਲ. ਤੇ ਪੀ. ਐਚ. ਡੀ. ਜੇਹੀਆਂ ਖੋਜਾਂ ਕਰਕੇ ਪੁਆਧੀ ਲਹਿਜੇ ਅਤੇ ਮਾਂ ਬੋਲੀ ਪੰਜਾਬੀ ਦੀ ਭਾਸ਼ਾਈ ਅਮੀਰਤ ਦੀ ਥਾਹ ਪਾਉਣ ਲਈ ਯਤਨਸ਼ੀਲ ਹਨ। 'ਪੁਆਧੀ ਪੰਜਾਬੀ ਸੱਥ' ਨੇ ਸਾਨੂੰ ਹੀਣਤਾਈ ਦੇ ਪਛੜੇਵੇਂ ਵਾਲੀਆਂ ਦਲਦਲਾਂ 'ਚੋਂ ਕੱਢ ਕੇ ਇਤਿਹਾਸ ਸਿਰਜਿਆ ਹੈ। ਦਸ਼ਮੇਸ਼ ਗੁਰੂ ਦੀ ਇਸ ਧਰਤੀ ਨੂੰ ਸਦੀਆਂ ਪਿੱਛੋਂ ਇਕ ਵਾਰ ਫਿਰ ਸਵੈਮਾਣ ਤੇ ਅਣਖ-ਆਬਰੂ ਵਰਗੀਆਂ ਕਦਰਾਂ ਕੀਮਤਾਂ ਨੂੰ ਪ੍ਰਫੁੱਲਤ ਕਰਨ ਦਾ ਮੌਕਾ ਮਿਲਿਆ ਹੈ। ਇਸ ਉਦਮ ਸਦਕਾ ਇਸ ਸੱਥ ਨੇ ਭਰਪੂਰ ਜਸ ਖੱਟਿਆ ਹੈ।

ਭਾਸ਼ਾ ਤੋਂ ਅਗਲੀ ਕੜੀ ਪੁਆਧੀ ਸਭਿਆਚਾਰਕ ਤੇ ਸਮਾਜਕ ਵਿਰਾਸਤ ਨਾਲ ਹੋਈ ਜੱਗੋਂ ਤੇਹਰਵੀਂ ਦੀ ਖੋਜ ਵਿਚ ਪਹਿਲ ਕਰਕੇ ਪੁਆਧੀ ਪੰਜਾਬੀ ਸੱਥ ਦੇ ਨਿਗਰਾਨ ਨੇ ਇਕ ਵਾਰ ਫੇਰ ਪਹਿਲ ਕਦਮੀ ਕਰਕੇ ਅਤਿਅੰਤ ਸ਼ਲਾਘਾਯੋਗ ਮੁਹਿੰਮ ਵਿੱਢੀ ਹੋਈ ਹੈ। ਪੁਆਧ ਦੀ ਧਰਤੀ ਦੀ ਹਿੱਕ ਤੇ ਉਸਰੇ ਅਖਾਉਤੀ ਅਤਿ-ਆਧੁਨਿਕ ਸੁੰਦਰ ਸ਼ਹਿਰ ਚੰਡੀਗੜ੍ਹ ਨੇ ਕਿਵੇਂ ਸਦੀਆਂ ਤੋਂ ਏਥੇ ਵਸਦਿਆ ਨੂੰ ਮੁੱਢੋਂ-ਸੁੱਢੋਂ ਉਜਾੜਨ ਦਾ ਕੀ ਕਹਿਰ ਕਮਾਇਆ ਹੈ ?

ਉਸ ਦੀ ਦਾਸਤਾਨ ਹੈ ਦਾਊਂ ਹੋਰਾਂ ਦੀ ਇਹ ਖੋਜ ਭਰਪੂਰ ਪੁਸਤਕ 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ'। ਅਠਾਈ ਪਿੰਡਾਂ ਦੀ ਇਹ ਗਾਥਾ ਹਿਰਦੇਵੇਧਕ ਤੇ ਦਰਦ ਭਰੀ ਦਾਸਤਾਨ ਹੋਣ ਦੇ ਨਾਲ ਨਾਲ ਤੁਹਾਨੂੰ ਤਰੱਕੀ ਦੇ ਨਾਂ ਹੇਠ ਹੋਈ ਤਬਾਹੀ ਦੇ ਮੰਜਰ ਬਿਆਨ ਕਰਕੇ ਝੰਜੋੜ ਸੁੱਟਦੀ ਹੈ। ਪੁਆਧ ਟੱਪੇ ਦੇ ਮੁੱਦਤਾਂ ਤੋਂ ਆਪਣੀ ਮਾਂ ਮਿੱਟੀ ਤੇ ਬੇਹੱਦ ਰਸੀਲੀ ਪੁਆਧੀ ਬੋਲੀ ਨੂੰ ਸੀਨਿਆ ਨਾਲ ਲਾਈ ਬੈਠੇ ਧਰਤੀ ਦੇ ਧੀਆਂ ਪੁੱਤਾਂ ਨੂੰ ਕਿਵੇਂ ਆਪਣੇ ਹੀ ਦੇਸ ਦੇ ਹੁਕਮਰਾਨਾਂ ਨੇ ਕੱਖਾਂ-ਕਾਨਿਆਂ ਵਾਂਗ ਉਡਾ ਦਿੱਤਾ। ਕਿਸੇ ਨਾਦਰ, ਅਬਦਾਲੀ, ਫਿਰੰਗੀ ਨੇ ਨਹੀਂ, ਅਖਾਉਤੀ ਲੋਕ ਰਾਜ ਦੇ ਸੋਹਲੇ ਗਾਉਣ ਵਾਲਿਆਂ ਨੇ ਹੀ ਲੋਕਾਂ ਦਾ ਘਾਣ ਕੀਤਾ। ਪੁਆਧੀ ਨੱਗਰ-ਖੇੜਿਆਂ ਦੇ ਸਮੁੱਚੇ ਸੰਸਾਰ ਦਾ ਭਲਾ ਮੰਗਣ ਵਾਲਿਆਂ ਭੋਲਿਆਂ ਲੋਕਾ ਨੂੰ ਮੁੱਢੋਂ-ਸੁੱਢੋਂ, ਜੜਾਂ ਤੋਂ ਪੁੱਟ, ਆਪਣੇ ਹੀ ਦੇਸ

ਵਿਚ ਪਨਾਹਗੀਰ ਬਣਾ ਦਿੱਤਾ। ਨਿਹੱਥੇ, ਨਿਤਾਣੇ, ਨਿਮਾਣੇ, ਨਿਘਰੇ, ਨਿਆਸਰਿਆਂ ਦੀ ਇਹ ਗਾਥਾ ਸੱਠ-ਸੱਤਰ ਵਰ੍ਹਿਆਂ ਤੀਕ ਕਿਸੇ ਵੀ ਸਿਆਸੀ, ਸਮਾਜੀ ਜਾਂ ਧਾਰਮਿਕ ਆਗੂ ਤੇ ਸਾਰਿਆਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੇ ਸਾਹਿਤਕਾਰਾਂ-ਬੁੱਧੀਜੀਵੀਆਂ ਨੇ ਮੂਲੋਂ ਹੀ ਅਣਸੁਣੀ ਤੇ ਅਣਦੇਖੀ ਕਰ ਛੱਡੀ।

ਕਿਸੇ ਨੂੰ ਵੀ ਅੰਬਾਂ-ਜਮੋਇਆਂ, ਜਾਮਣਾਂ, ਕਿੱਕਰਾਂ, ਬੇਰੀਆਂ, ਪਿੱਪਲਾਂ, ਬਰੋਟਿਆਂ, ਨਿੰਮਾਂ, ਤੂਤਾਂ ਦਾ ਕਤਲੇਆਮ ਝੰਜੋੜ ਨਹੀਂ ਸਕਿਆ। ਕੱਚਿਆਂ ਕੋਠਿਆਂ, ਕੁੱਲੀਆਂ-ਢਾਰਿਆਂ ਤੋਂ ਵੀ ਅੱਗੇ ਗੁਰਦੁਆਰਿਆਂ, ਖੇੜਿਆਂ, ਮੰਦਰਾਂ, ਮਸੀਤਾਂ, ਖਾਨਗਾਹਾਂ, ਬਾਬੇ ਸ਼ਹੀਦਾਂ, ਮਾਤਾ ਰਾਣੀਆਂ ਦੇ ਥਾਨਾਂ ਦੀ ਬੁਲਡੋਜਰਾਂ ਨਾਲ ਢਹਿ-ਢੇਰੀ ਹੋਣ ਦੀ ਪੀੜ ਕਿਸੇ ਨੂੰ ਵੀ ਸਹਿਸੂਸ ਨਹੀਂ ਹੋਈ। ਪੁਆਧ ਦੇ ਗੱਡਿਆਂ ਦੇ ਪਹੀਆਂ ਦੀ ਚੀਂ-ਚੀਂ ਹਲਟਾਂ ਦੇ ਕੁੱਤਿਆਂ ਦੀ ਟਿਕ-ਟਿਕ, ਏਥੋਂ ਦੀਆਂ ਛਿੰਝਾਂ ਦੇ ਘੋਲ, ਠੋਕਰਾਂ ਦੀਆਂ ਭਾਜਾਂ, ਘੋੜੀਆਂ ਦੀਆਂ ਦੌੜਾਂ, ਵਿਆਹਾਂ-ਸ਼ਾਦੀਆਂ ਤੇ ਤੀਆਂ ਦੇ ਗੀਤ, ਮੇਲੇ-ਮੁਸਾਹਬੇ ਸਭ ਕੁਝ ਹੀ ਸਦਾ-ਸਦਾ ਲਈ ਲੋਪ ਹੋ ਗਿਆ। ਏਥੇ ਵਗਦੇ ਚੋਏ, ਨਦੀਆਂ ਉਹਨਾਂ 'ਚ ਵਿਚਰਦੇ ਡੱਡੂ- ਕੁਛੂ, ਉਪਰ ਉਡਦੇ ਚਿੜੀਆਂ-ਜਨੌਰ ਤੇ ਕੰਢਿਆਂ ਤੇ ਚੁਗਦੇ ਚੌਣੇ, ਮਾਲ ਡੰਗਰ ਸਭ ਕੁਝ ਹੀ ਅੱਖੋਂ ਓਹਲੇ ਹੋ ਗਿਆ। ਕੱਚੇ ਕੋਠੇ ਲਿੱਪਦੀਆਂ ਧੀਆਂ-ਭੈਣਾਂ ਤੇ ਨੂੰਹਾਂ, ਟੋਭਿਆਂ, ਚੋਇਆਂ, ਨਦੀਆਂ 'ਚ ਤਾਰੀਆਂ ਲਾਉਂਦੇ ਵੱਗ ਚਾਰਨ ਵਾਲੇ ਮੁੰਡੇ-ਖੁੰਡੇ ਸਭ ਅਦ੍ਰਿਸ਼ ਹੋ ਕੇ ਬੀਤੇ ਦੀਆਂ ਬਾਤਾਂ ਬਣ ਗਏ।

ਜੋਰ ਜਬਰਦਸਤੀ, ਧੱਕੇ ਨਾਲ ਖੋਹੀ ਧਰਤੀ 'ਤੇ ਸੱਤ ਸਮੁੰਦਰੋਂ ਪਾਰੋਂ, ਬਦੇਸ਼ੀ ਧਰਤੀਆਂ ਤੋਂ ਆਇਆਂ ਵੱਲੋਂ ਲਿਆਂਦਾ ਇਕ ਬਣਾਉਟੀ, ਮਿਲਾਵਟੀ ਤੇ ਓਪਰਾ 'ਚੰਡੀਗੜ੍ਹ' ਨਾਮੀ ਸ਼ਹਿਰ ਲਹੂ-ਲੁਹਾਣ ਹੋਈ ਪੁਆਧੀ ਭੂਮੀ ਦੀ ਹਿੱਕ ਉੱਤੇ ਮਾਨਸਖਾਣੇ ਦਿਉ ਵਾਂਗ ਲਿਆ ਖੜਾ ਕੀਤਾ। ਏਥੇ ਪਿੰਡਾਂ ਦੇ ਦੇਸੀ ਨਾਵਾਂ ਨਾਲ ਵੀ ਘੋਰ-ਘ੍ਰਿਣਾ, ਨਫ਼ਰਤ ਦਾ ਪ੍ਰਗਟਾਵਾ ਕਰਦਿਆਂ 'ਸੈਕਟਰ' ਬਣਾਏ ਗਏ। ਸੈਕਟਰ ਦਾ ਸ਼ਾਬਦਿਕ ਅਰਥ ਹੀ ਟੋਟੇ ਕੀਤਾ ਹੋਇਆ ਇਕ 'ਹਿੱਸਾ' ਹੁੰਦਾ ਹੈ। ਕੁਦਰਤੀ, ਵਸੇਬ ਦੀ ਇਕ ਜੁੱਟਤਾ ਦੀ ਥਾਂ ਪਹਿਲਾਂ ਹੀ ਉਹਦੀ ਚੀਰਫਾੜ ਕਰ ਦਿੱਤੀ ਗਈ। ਏਥੇ ਕੋਈ ਕੂਚਾ, ਗਲੀ, ਮੁਹੱਲਾ, ਬਸਤੀ ਵਾਂਗ ਭਾਈਚਾਰਕ ਸਾਂਝ ਦਰਸਾਉਂਦਾ ਨਾਂ ਹੀ ਨਹੀਂ ਰੱਖਿਆ ਗਿਆ। ਸੜਕਾਂ, ਚੌਂਕ, ਬਾਜ਼ਾਰ, ਦਫ਼ਤਰ, ਕਚਹਿਰੀਆਂ, ਸਕੂਲਾਂ-ਕਾਲਜਾਂ, ਯੂਨੀਵਰਸਿਟੀਆਂ ਏਥੋਂ ਤੀਕ ਕਿ ਧਾਰਮਕ ਅਸਥਾਨ ਵੀ ਕੁਦਰਤੀ ਢੰਗਾਂ ਨਾਲ ਵਿਕਸਤ ਨਹੀਂ ਹੋਏ, ਨਕਲ ਮਾਰ ਕੇ ਉਸਾਰੇ ਗਏ ਹਨ। ਕੋਈ ਰੁੱਖ ਵੀ ਦੇਸੀ ਨਹੀਂ, ਫੁੱਲ-ਬੂਟੇ ਤਾਂ ਕੀ ਏਥੇ ਤਾਂ ਘਾਹ ਤੀਕ ਵੀ ਬਦੇਸ਼ੀ ਹਨ। ਆਪਣੀ ਬੋਲੀ-ਵਿਰਾਸਤ ਨਾਲੋਂ ਅਜਿਹਾ ਨਾਤਾ ਤੋੜਿਆ ਕਿ 99 ਫੀਸਦੀ ਵਸਨੀਕਾਂ ਨੂੰ ਪੁਆਧ ਦੇ ਸ਼ਬਦ ਦੀ ਮਾੜੀ-ਮੋਟੀ ਜਾਣਕਾਰੀ ਹੁਣੇ ਜਿਹੇ ਹੀ ਹੋਈ ਹੈ। ਉਹ ਵੀ ਸ. ਮਨਮੋਹਨ ਸਿੰਘ ਦਾਊਂ ਤੇ ਡਾ.

ਗੁਰਮੀਤ ਸਿੰਘ ਬੈਦਵਾਨ ਦੀ ਕ੍ਰਿਪਾ ਨਾਲ।

ਏਸ ਧਰਤੀ ਤੇ ਉਸਰੀ ਪੰਜਾਬ ਯੂਨੀਵਰਸਿਟੀ ਤੇ ਸਮੁੱਚੇ ਕਾਲਜਾਂ ਯੂਨੀਵਰ ਸਿਟੀਆਂ ਨੂੰ ਨਾ ਪੁਆਧੀ ਉਪ ਭਾਸ਼ਾ ਨਾਲ ਕੋਈ ਸਰੋਕਾਰ ਰਿਹਾ ਏ ਤੇ ਨਾ ਹੀ ਪੁਆਧ ਦੇ ਸਭਿਆਚਾਰ, ਇਤਿਹਾਸ ਤੇ ਵਿਰਾਸਤ ਨਾਲ ਕੋਈ ਲੈਣਾ ਦੇਣਾ। ਏਥੋਂ ਉਜੜਿਆਂ, ਬੇਘਰ ਹੋਇਆਂ ਦੀ ਹੋਣੀ, ਉਹਨਾਂ ਦਾ ਦੁੱਖ ਦਰਦ ਵੰਡਾਉਣ, ਸਮਝਣ ਤੇ ਘੱਟ ਕਰਨ ਲਈ ਕਦੀ ਵੀ ਏਥੇ ਨਵੇਂ ਆ ਕੇ ਵੱਸਿਆਂ ਨੇ ਕੋਈ ਸੰਜੀਦਾ ਯਤਨ ਨਹੀਂ ਕੀਤਾ। ਉਹਨਾਂ ਨੂੰ ਆਪਣੀ ਹੋਈ ਤੇ ਛੱਡ, ਓਪਰੀਆਂ ਬੋਲੀਆਂ, ਨਕਲੀ ਤੇ ਉਧਾਰੀ ਰਹਿਣੀ-ਬਹਿਣੀ ਅਤੇ ਅਕਲੋਂ ਸੱਖਣੀ ਮਾਰੀ ਹੋਣੀ ਨਕਲ ਨੇ ਏਸ ਅਖਾਉਤੀ, ਅਤਿ-ਸੁੰਦਰ ਸ਼ਹਿਰ ਨੂੰ ਪੁਆੜਿਆਂ ਦੀ ਜੜ ਬਣਾ ਦਿੱਤਾ ਹੈ। ਏਥੇ ਪੀਣ ਲਈ ਪਾਣੀ ਦੇ ਲਾਲੇ ਅਕਸਰ ਹੀ ਪਏ ਰਹਿੰਦੇ ਨੇ। ਕੁਰਬਲ ਕੁਰਬਲ ਕਰਦੀ ਕੀੜਿਆਂ-ਮਕੌੜਿਆਂ ਵਾਂਗ ਫਸਦੀ-ਉਲਝਦੀ ਆਵਾਜਾਈ, ਕਬੂਤਰ ਖਾਨਿਆਂ ਵਰਗੇ ਘਰ ਅਖਾਉਤੀ ਆਧੁਨਿਕ ਅਤਿ-ਸੁੰਦਰਤਾ ਦਾ ਮਖੌਲ ਉਡਾ ਰਹੇ ਹਨ।

ਚੰਡੀਗੜ੍ਹ ਦੇ ਵਸਣ ਨਾਲ ਉੱਜੜੇ ਇਨ੍ਹਾਂ ਨਗਰਾਂ ਖੇੜਿਆਂ ਦਾ ਬਿਰਤਾਂਤ ਲਿਖਣ ਦਾ ਮੁੱਖ ਮੰਤਵ ਹੈ ਆਪਣੇ ਅਤੀਤ ਕੋਲੋਂ ਸਬਕ ਸਿੱਖ ਕੇ ਭਵਿੱਖ ਵਿਚ 'ਸਹਿਜ ਵਿਕਾਸ' ਦੇ ਕੁਦਰਤੀ ਵਰਤਾਰੇ ਨੂੰ ਸਮਝਣਾ। ਕਾਦਰ ਦੀ ਕੁਦਰਤ ਦੇ ਅੰਤ੍ਰੀਵੀ ਅਸੂਲਾਂ ਨੂੰ ਹਿਰਦਿਆਂ 'ਚ ਵਸਾ ਉਨ੍ਹਾਂ ਅਨੁਸਾਰ ਤੇ ਕੁਦਰਤ ਨਾਲ ਇਕਸੁਰ ਹੋ ਕੇ ਵਿਕਾਸ ਦੇ ਰਾਹ ਤੁਰਨਾ। ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਦੇ ਤੌਰ ਤੇ ਸੀਮਤ ਵੱਸੋਂ ਵਾਲੇ ਪ੍ਰਬੰਧਕੀ ਢਾਂਚੇ ਵਜੋਂ ਸਥਾਪਤ ਕੀਤਾ ਗਿਆ ਸੀ। ਪੰਜਾਬ ਦੀ ਗੈਰਕੁਦਰਤੀ ਖੋਹਖਿੰਝ ਵਾਲੀ ਸਿਆਸੀ ਵੰਡ ਨੇ ਇਸ ਦੀ ਵਿਉਂਤਵੰਦੀ ਨੂੰ ਤਹਿਸ-ਨਹਿਸ਼ ਕਰ ਦਿੱਤਾ। ਪੰਜਾਬ ਦੇ ਮੁਹਾਲੀ, ਹਰਿਆਣਾ ਦੇ ਪੰਚਕੂਲਾ ਅਤੇ ਹਿਮਾਚਲ ਦੇ ਬੱਦੀ-ਪਰਵਾਨੂ ਪਿਛਲੇ ਕੁਝ ਕੁ ਦਹਾਕਿਆ ਵਿਚ ਹੀ ਖੁੰਭਾਂ ਵਾਂਗ ਉੱਗ ਕੇ ਇਹਦੇ ਸ਼ਰੀਕ ਬਣ ਅਨੇਕਾਂ ਸਿਆਸੀ ਤੇ ਸਮਾਜਕ ਸਮੱਸਿਆਵਾਂ ਦੇ ਜਨਮਦਾਤੇ ਹੋ ਨਿਬੜੇ ਨੇ। ਹੁਣ ਤਾਂ ਖਰੜ, ਮੁੱਲਾਂਪੁਰ ਗਰੀਬ ਦਾਸ, ਜ਼ੀਰਕਪੁਰ, ਕਾਲਕਾ, ਡੇਰਾਬਸੀ, ਬਨੂੜ ਤੀਕ ਚੰਡੀਗੜ੍ਹ ਦੀ ਘੜਮੱਸ ਦਾ ਹਿੱਸਾ ਬਣ ਅਤਿਅੰਤ ਗੁੰਝਲਦਾਰ ਨਾ ਸੁਲਝਾਉਣਯੋਗ ਮੁੱਦੇ ਤੇ ਮਸਲੇ ਨਿਰੰਤਰ ਉਠਾਈ ਜਾ ਰਹੇ ਹਨ।

ਪੰਜ ਲੱਖ ਅਬਾਦੀ ਦੀ ਥਾਂ ਪੰਜਾਹ ਲੱਖ ਨੂੰ ਪੀਣ ਯੋਗ ਪਾਣੀ ਪਹੁਚਾਉਣਾ ਤੇ ਉਹਨਾਂ ਦੇ ਮਲਮੂਤਰ ਵਾਲੇ ਨਿਕਾਸੀ ਪਾਣੀ ਨੂੰ ਸਮੇਟਣਾ ਹੀ ਵਿਕਰਾਲ ਰੂਪ ਧਾਰ ਗਏ ਹਨ। ਕਈ ਯੂਰਪੀ ਦੇਸ਼ਾਂ ਤੋਂ ਵੀ ਵੱਧ ਵੱਸੋਂ ਦੀ ਸਿਹਤ, ਆਵਾਸ, ਆਵਾਜਾਈ ਤੇ ਪ੍ਰਬੰਧਕ ਸਹੂਲਤਾਂ ਦੀ ਅਣਹੋਂਦ ਸਾਡੇ ਆਪਹੁਦਰੇ ਵਿਕਾਸ ਦਾ ਮੂੰਹ ਚਿੜਾ ਰਹੀ ਹੈ। ਜੁਰਮ, ਨਸ਼ੇ, ਧੌਂਸ, ਧੱਕੇਸ਼ਾਹੀ, ਧਰਨੇ, ਰੈਲੀਆਂ, ਜਲੂਸ, ਜਲਸੇ, ਧਾਰਮਿਕ ਅਡੰਬਰਾਂ ਦੀ ਘੜਮੱਸ ਕਾਰਨ ਹੋ ਰਹੀ ਲਾ-ਕਾਨੂਨੀ ਹਰ ਪੱਖੋਂ ਘਾਤਕ ਸਾਬਤ ਹੋ ਰਹੀ ਹੈ।

ਕੇਂਦਰ, ਹਰਿਆਣਾ, ਹਿਮਾਚਲ ਤੇ ਪੰਜਾਬ ਦੀਆਂ ਸਰਕਾਰਾਂ ਦੇ ਮਸਲੇ ਸੁਲਝਾਉਣ ਦੀ ਥਾਂ ਉਲਝਾਉਣ ਵਾਲੇ ਰਵਾਈਏ ਨੇ ਉਹਨਾਂ ਵਿਚਾਰਿਆਂ ਨੂੰ ਮੂਲੋਂ ਹੀ ਭੁੱਲ-ਭੁਲਾ ਛੱਡਿਆ ਹੈ, ਜਿਹਨਾਂ ਦੀਆਂ ਰਿਹਾਇਸ਼ਾਂ / ਰੈਣ ਬਸੇਰੇ ਢਾਹ-ਢੇਰੀ ਕਰ ਕੇ ਇਹ ਮਨਸੂਬਾ ਹੋਂਦ ਵਿਚ ਆਇਆ ਸੀ। ਇਹਨਾਂ ਸਾਰੀਆਂ ਧਿਰਾਂ ਦੀ ਖਹਿਬਾਜੀ ਨਿੱਤ ਨਵੇਂ ਚੰਦ ਚੜ੍ਹਾ ਰਹੀ ਹੈ। ਏਸ ਧਰਤੀ ਤੋਂ ਉਜੜਿਆਂ-ਪੁਜੜਿਆਂ ਦੀਆਂ ਦੁਰਅਸੀਸਾਂ ਕਾਰਨ ਹੋ ਰਹੀ ਤਬਾਹੀ ਦੇ ਪ੍ਰਤੱਖ ਦਰਸ਼ਨ ਕਰਵਾਉਣ ਵਾਲੀ ਹੈ ਇਹ ਖੋਜਕਾਰੀ ਲਿਖਤ। ਇਸ ਦਾ ਮੂਲ-ਮੰਤਵ ਸਮੇਂ ਨੂੰ ਪੁੱਠਾ ਗੇੜਾ ਦੇ ਕੇ ਪਿੱਛੇ ਨੂੰ ਮੁੜਨਾ ਕਤਈ ਨਹੀਂ ਅਤੇ ਨਾ ਹੀ ਉਹਨਾਂ ਥੇਹ ਹੋਇਆਂ ਪਿੰਡਾਂ ਨੂੰ ਓਸੇ ਰੂਪ ਵਿਚ ਮੁੜ ਉਸਾਰਨਾ ਹੈ। ਸਗੋਂ ਇਸ ਬਿਰਤਾਂਤ 'ਚੋਂ ਕੋਈ ਅਜਿਹਾ ਰਾਹ ਲੱਭਣਾ ਹੈ ਜਿਸ 'ਤੇ ਤੁਰਦਿਆ ਸਾਰਿਆਂ ਦਾ ਹੀ ਭਲਾ ਹੋ ਸਕੇ। ਪੁਆਧ ਦੇ ਏਸ ਖਿੱਤੇ 'ਚ ਵੱਸਣ ਵਾਲੇ ਅਜੋਕੇ ਵਸਨੀਕ 'ਜਿੱਥੇ ਰਹੀਏ ਭਲਾ ਕਹੀਏ' ਦੀ ਸੋਚ ਦੇ ਧਾਰਨੀ ਬਣ ਸਕਣ। ਕੁਦਰਤ ਦੀਆਂ ਅਨਮੋਲ ਰਹਿਮਤਾਂ-ਬਰਕਤਾਂ, ਬਖਸ਼ਿਸ਼ਾਂ ਦਾ ਆਦਰ ਕਰਦੇ ਹੋਏ ਉਹਨਾਂ ਭਲਿਆਂ ਲੋਕਾਂ ਦੇ ਸ਼ੁਕਰਗੁਜ਼ਾਰ ਹੋਣ, ਜਿਹੜੇ ਕਦੀ ਏਥੇ ਵਸਦੇ-ਰਸਦੇ ਸੀ। ਉਹਨਾਂ ਵੱਲੋਂ ਸੌਂਪੀਂ ਵਿਰਾਸਤ, ਬੋਲੀ, ਸਭਿਆਚਾਰ, ਭਾਈਚਾਰੇ ਨੂੰ ਸਾਂਭਦੇ ਹੋਏ ਨਵੀਂ ਉਸਾਰੀ ਕਰਨ। ਪਿੰਡਾਂ ਦੇ ਲੋਪ ਹੋਣ ਦੀ ਇਹ ਗਾਥਾ ਅਜੇ ਤਾਂ ਸ਼ੁਰੂਆਤ ਹੈ। ਉਜੜਿਆਂ ਪੁਜੜਿਆਂ, ਘਰੋਂ ਬੇਘਰ ਹੋਇਆਂ ਦੇ ਦੁੱਖਾਂ ਭਰੇ ਅੱਧੀ ਸਦੀ ਤੋਂ ਵੱਧ ਦੇ ਸਫਰ ਸੰਬਧੀ ਹਰ ਪੱਖ ਨੂੰ ਸਮਝਣ ਤੇ ਲਿਖਤੀ ਰੂਪ ਵਿਚ ਸਾਂਭਣ ਦੀ ਲੋੜ ਹੈ। ਸਮਾਜਕ, ਸਾਹਿਤਕ, ਆਰਥਿਕ ਤੇ ਧਾਰਮਿਕ ਪੱਖਾਂ ਨੂੰ ਵਿਆਖਿਆ ਸਹਿਤ ਕਲਮਬੱਧ ਕਰਕੇ ਦਸਤਾਵੇਜਾਂ ਦੇ ਤੌਰ 'ਤੇ ਸੁਰਖਿਅਤ ਕੀਤਾ ਜਾਣਾ ਅਤ-ਲੋੜੀਦਾਂ ਹੈ।


ਅਸੀਂ ਪੰਜਾਬੀ ਸੱਥਾਂ ਵਾਲੇ ਜਿੱਥੇ ਆਪਣੇ ਖੋਜੀ ਵੀਰ 'ਦਾਊਂ' ਜੀ ਦੇ ਦਿਲੋਂ ਮਨੋਂ ਸ਼ੁਕਰਗੁਜ਼ਾਰ ਹਾਂ ਓਥੇ ਹੀ 'ਪੰਜਾਬੀ ਟ੍ਰਿਬਿਊਨ' ਅਖਬਾਰ ਦੇ ਵੀ ਧੰਨਵਾਦੀ ਹਾਂ ਜਿਨ੍ਹਾਂ ਇਹਨਾਂ ਨਗਰਾਂ ਦੀ ਹੋਣੀ ਨੂੰ ਸੰਸਾਰ ਦੇ ਸਾਹਮਣੇ ਸਾਪ੍ਰਤੱਖ ਰੂਪ ਵਿਚ ਦ੍ਰਿਸ਼ਟੀਮਾਨ ਕੀਤਾ । ਸਾਨੂੰ ਪੂਰਨ ਵਿਸ਼ਵਾਸ ਹੈ ਕਿ ਇਕੱਲੇ ਪੁਆਧ ਵਾਲੇ ਜਾਂ ਪੰਜਾਬ ਦੇ ਵਸਨੀਕ ਹੀ ਨਹੀਂ ਸਮੁੱਚਾ ਸੂਝਵਾਨ ਪੰਜਾਬੀ ਪਾਠਕ ਵਰਗ ਇਸ ਪੁਸਤਕ ਨੂੰ ਪੜ੍ਹ ਕੇ ਸਾਨੂੰ ਸਾਰਥਿਕ ਸੁਝਾਅ ਜ਼ਰੂਰ ਦੇਵੇਗਾ। ਆਪਣੇ ਅਤੀਤ ਤੋਂ ਸਿੱਖ ਕੇ ਅਜਿਹੀਆਂ ਗਲਤੀਆਂ ਦੁਹਰਾਉਣ ਤੋਂ ਬਚੇਗਾ।

ਸਰਬੱਤ ਦੇ ਭੱਲੇ ਦੇ ਚਾਹਵਾਨ

ਸ. ਮੋਤਾ ਸਿੰਘ ਸਰਾਏ
ਸੰਚਾਲਕ, ਯੂਰਪੀ ਪੰਜਾਬੀ ਸੱਥ
ਵਾਲਸਾਲ-ਯੂ. ਕੇ.

ਡਾ. ਨਿਰਮਲ ਸਿੰਘ
ਸੇਵਾਦਾਰ -ਪੰਜਾਬੀ ਸੱਥ
ਲਾਂਬੜਾ-ਜਲੰਧਰ

# ਚੰਡੀਮੰਦਰ : ਜਿਸ ਦੇ ਨਾਂ 'ਤੇ ਚੰਡੀਗੜ੍ਹ ਵਸਿਆ



ਇਤਿਹਾਸਕ ਚੰਡੀਮੰਦਰ ਦਾ ਪ੍ਰਵੇਸ਼ ਦੁਆਰ

ਪੰਚਕੂਲਾ ਦਾ ਚੰਡੀਮੰਦਰ ਪੁਰਾਤਨ ਇਤਿਹਾਸਕ ਉਹ ਮੰਦਰ ਹੈ ਜਿਸ ਦੇ ਨਾਮ 'ਤੇ ਚੰਡੀਗੜ੍ਹ ਸ਼ਹਿਰ ਦਾ ਨਾਮਕਰਨ 7 ਅਕਤੂਬਰ, 1953 ਨੂੰ ਹੋਇਆ। ਇਸੇ ਮੰਦਰ ਦੇ ਨਾਂ ਉੱਤੇ ਚੰਡੀਮੰਦਰ ਕਮਾਂਡ ਦਾ ਨਾਮ ਹੈ ਤੇ ਪੂਰਾ ਸਿਵਲ ਹਸਪਤਾਲ ਵੀ ਚੰਡੀਮੰਦਰ ਪਿੰਡ ਅਤੇ ਆਲੇ-ਦੁਆਲੇ ਦੇ ਖੇਤਰ ਦਾ ਹੈ।

ਪੰਚਕੂਲਾ ਜ਼ਿਲ੍ਹੇ (ਹਰਿਆਣਾ) ਦਾ ਇਹ ਪਹਿਲਾ ਇਤਿਹਾਸਕ ਮੰਦਰ ਹੈ ਜਿੱਥੇ ਦੇਵੀ ਨੇ ਮਹਿਸਾਸੁਰ ਰਾਕਸ਼ ਨੂੰ ਮਾਰਿਆ ਸੀ। ਜਾਣਕਾਰੀ ਅਨੁਸਾਰ 1876 'ਚ ਚੰਡੀਮੰਦਰ ਪੁਲਿਸ ਸਟੇਸ਼ਨ ਅਤੇ 1903 'ਚ ਚੰਡੀਮੰਦਰ ਰੇਲਵੇ ਸਟੇਸ਼ਨ ਦਾ ਨਾਂ ਵੀ ਇਸੇ ਮੰਦਰ ਕਰਕੇ ਰੱਖਿਆ ਗਿਆ। ਇਹ ਮੰਦਰ ਪੁਰਾਣਾ ਪੰਚਕੂਲਾ ਤੋਂ ਪਿੰਜੌਰ ਵੱਲ ਸੂਰਜਪੁਰ ਅਸਥਾਨ ਕੋਲ ਆਉਂਦਾ ਹੈ। ਇਸ ਮੰਦਰ ਦੀ ਦੇਖ-ਰੇਖ ਪੁਸ਼ਤਾਂ ਤੋਂ ਗਿਰੀ ਪਰਿਵਾਰ ਕਰਦਾ ਆ ਰਿਹਾ ਹੈ।

ਧਾਰਮਿਕ-ਇਤਿਹਾਸਕ ਗ੍ਰੰਥਾਂ ਅਨੁਸਾਰ ਇਸ ਅਸਥਾਨ ਉੱਤੇ ਦੈਤਾਂ ਅਤੇ ਦੇਵਤਿਆਂ ਦਾ ਯੁੱਧ ਹੋਇਆ। ਮੰਦਰ ਦੇ ਨੇੜੇ ਪਹਾੜੀ ਦੇ ਟਿੱਲੇ ਉੱਤੇ ਇੱਕ ਕਿਲ੍ਹਾ ਵੀ ਹੈ ਜੋ ਹੁਣ ਖੰਡਰ ਹੋ ਚੁੱਕਿਆ ਹੈ। ਇਸ ਪਹਾੜੀ-ਜੰਗਲ ਵਿੱਚ ਮਾਂ-ਦੁਰਗਾ ਨੇ ਦੇਵਤਿਆਂ ਦੀ ਬੇਨਤੀ ਸੁਣ ਕੇ ਪੂਰੇ 9 ਦਿਨ ਯੁੱਧ ਕੀਤਾ ਤੇ ਭੈਂਸਾਸੁਰ ਰਾਕਸ਼ ਨੂੰ ਮਾਰ ਕੇ ਜਿੱਤ ਪ੍ਰਾਪਤ ਕੀਤੀ ਤੇ ਦੁਬਾਰੇ ਪੂਜਾ-ਪਾਠ ਦਾ ਮੌਕਾ ਦਿੱਤਾ। ਮੰਦਰ ਵਿੱਚ ਮਾਂ-ਦੁਰਗਾ ਦੀ ਮੂਰਤੀ ਹੈ ਅਤੇ ਕਾਲੇ ਪੱਥਰ ਦੀ ਇੱਕ ਇਤਿਹਾਸਕ ਪਿੰਡੀ ਹੈ।

1948 ਵਿੱਚ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸ਼ਾਦ, ਉਸ ਵੇਲੇ ਦੇ ਰੱਖਿਆ ਮੰਤਰੀ ਸ੍ਰੀ ਕਾਟਜੂ ਅਤੇ ਉਸ ਵੇਲੇ ਦੇ ਪੰਜਾਬ ਦੇ ਗਵਰਨਰ ਸ੍ਰੀ ਪੀ.ਐਨ. ਸਿੰਘ ਨੇ ਇਸ ਅਸਥਾਨ ਦਾ ਦੌਰਾ ਕੀਤਾ ਸੀ ਤੇ ਇਸ ਚੰਡੀ ਦੇਵੀ ਦੀ ਪ੍ਰੇਰਣਾ ਨਾਲ ਚੰਡੀਗੜ੍ਹ ਵਸਾਉਣ ਲਈ ਇਸ ਸ਼ਹਿਰ ਦੀ ਯੋਜਨਾ ਤਿਆਰ ਕੀਤੀ।

ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਪਹਾੜੀ ਇਲਾਕੇ ਵਿੱਚ ਪਾਂਡਵ 12 ਸਾਲਾਂ ਦਾ ਬਨਵਾਸ ਕੱਟ ਕੇ ਜਦੋਂ ਰਾਜਾ ਵਿਰਾਟ (ਪਿੰਜੌਰ) ਕੋਲ ਆਏ ਤਾਂ ਇੱਥੇ ਸ਼ਕਤੀ ਦਾ ਰੂਪ ਸਮਝੀ ਜਾਂਦੀ ਮਾਂ ਚੰਡੀ ਦੇਵੀ ਦੀ ਪੂਜਾ ਅਰਚਨਾ ਕੀਤੀ ਤੇ ਫੇਰ ਮਾਂ-ਚੰਡੀ ਨੇ ਪਾਂਡਵ ਨੂੰ ਕੁਰੂਕਸ਼ੇਤਰ ਦੀ ਲੜਾਈ ਲਈ ਅਸ਼ੀਰਵਾਦ ਤੇ ਦਿਵਯ ਅਲੌਕਿਕ ਸਸ਼ਤਰ ਦਿੱਤੇ ਜਿਨਾਂ ਨਾਲ ਪਾਂਡਵਾਂ ਨੇ ਕੌਰਵਾਂ ਉੱਤੇ ਜਿੱਤ ਪ੍ਰਾਪਤ ਕੀਤੀ। ਪਿੰਜੌਰ ਵਿੱਚ ਅਜੇ ਵੀ ਇੱਕ ਵੱਡਾ ਵਿਰਾਟ ਨਗਰ ਹੈ।

ਇਸ ਮੰਦਰ ਦਾ ਆਲਾ-ਦੁਆਲਾ ਸ਼ਾਂਤ ਹੋਣ ਕਾਰਨ, ਚੌਹੀ ਪਾਸੀਂ ਅਧਿਆਤਮਕ ਮਾਹੌਲ ਸਿਰਜਦਾ ਹੈ। ਇਸ ਮੰਦਰ ਦੇ ਦਰਸ਼ਨਾਂ ਲਈ ਸੈਲਾਨੀ ਤੇ ਸ਼ਰਧਾਲੂ ਭਾਰੀ ਵਿਣਤੀ ਵਿੱਚ ਆਉਂਦੇ ਰਹਿੰਦੇ ਹਨ। ਸਮੇਂ-ਸਮੇਂ ਸਿਰ ਭੰਡਾਰੇ ਵੀ ਲਾਏ ਜਾਂਦੇ ਹਨ।

ਮਨਮੋਹਨ ਸਿੰਘ ਦਾਊਂ

## ਪੁਸਤਕ ਦੀ ਦੂਜੀ ਐਡੀਸ਼ਨ ਦੀ ਮੰਗ ਦਾ ਪ੍ਰਸੰਗ

ਮੇਰੀ ਇਹ ਪੁਸਤਕ 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ' 2016 'ਚ ਛਪੀ ਸੀ। ਪਾਠਕਾਂ ਤੇ ਵਿਦਵਾਨਾਂ ਨੇ ਇਸ ਦੀ ਭਰਪੂਰ ਪ੍ਰਸੰਸਾ ਕੀਤੀ। ਮੈਨੂੰ ਆਪਣੀ ਮਿਹਨਤ ਸਫ਼ਲ ਹੋਈ ਲੱਗੀ। ਚੰਡੀਗੜ੍ਹ ਵਸਾਉਣ ਲਈ ਉਜਾੜੇ ਗਏ, ਪਿੰਡਾਂ ਦੇ ਲੋਕਾਂ ਨੂੰ ਮੈਂ ਮਿਲਦਾ ਰਿਹਾ, ਉਨ੍ਹਾਂ ਦਾ ਦੁਖੜਾ ਡੂੰਘਾ ਸੀ। ਜੜ੍ਹੋਂ ਉਖੜੇ ਮਨੁੱਖ ਦੀ ਪੀੜ ਨੂੰ ਮੈਂ ਇਸ ਪੁਸਤਕ ਰਾਹੀਂ ਵਰਨਣ ਕਰਨ ਦੀ ਕੋਸ਼ਿਸ਼ ਕੀਤੀ ਜੋ ਪੂਰੀ ਨਹੀਂ, ਅਧੂਰੀ ਹੈ। ਪੁਸਤਕ ਹੱਥੋ-ਹੱਥ ਵਿਕ ਗਈ। ਇਸ ਦੇ ਅੰਗਰੇਜ਼ੀ ਅਨੁਵਾਦ ਦੀ ਮੰਗ ਵੀ ਬਾਰ - ਬਾਰ ਉੱਠਦੀ ਰਹੀ। ਆਖਰ ਡਾ.ਸੀ.ਐਸ. ਸੇਖੋਂ ਨੇ ਬੜੀ ਮਿਹਨਤ ਕਰਕੇ ਮੇਰੀ ਇੱਛਾ ਪੂਰੀ ਕਰ ਦਿਖਾਈ। ਜਿਸ ਲਈ ਮੈਂ ਉਨ੍ਹਾਂ ਦਾ ਅਤੀ ਰਿਣੀ ਹਾਂ। 'Coming up of Chandigarh Lost Puadh Villages' ਨਾਂ ਥੱਲੇ ਅੰਗਰੇਜ਼ੀ ਅਨੁਵਾਦ 2023 'ਚ ਛਪ ਗਿਆ, ਜਿਸ ਦਾ ਹੁੰਗਾਰਾ ਚੰਗਾ ਸਿੱਧ ਹੋਇਆ। ਚੰਡੀਗੜ੍ਹ ਬਾਰੇ ਇਹ ਜਤਨ ਮੂਲੋਂ ਵੀ ਵੱਖਰਾ, ਨਿਆਰਾ ਤੇ ਪ੍ਰਥਮ ਕਿਹਾ ਜਾ ਸਕਦਾ ਹੈ।

ਸਬੱਬੀ ਇੱਕ ਦਿਨ ਮੈਂ 25 ਅਕਤੂਬਰ,2023 ਨੂੰ ਆਪਣੇ ਮਿੱਤਰ- ਸਨੇਹੀ ਸ.ਦਲਬੀਰ ਸਿੰਘ (Prop. Quick Dry Cleaners Phase 2, Mohali) ਨੂੰ ਅੰਗਰੇਜ਼ੀ ਵਾਲੀ ਪੁਸਤਕ ਭੇਟਾ ਕਰਨ ਗਿਆ। ਗੱਲਾਂ ਬਾਤਾਂ ਦੌਰਾਨ ਉਨ੍ਹਾਂ ਨੇ ਪੰਜਾਬੀ ਵਾਲੀ ਪੁਸਤਕ ਦੀਆਂ ਕਾਪੀਆਂ ਦੀ ਮੰਗ ਕੀਤੀ। ਆਪਣੇ ਪਿੰਡ ਕਾਲੀਬੜ ਦੇ ਉਜਾੜੇ ਦੀ ਦਾਸਤਾਂ ਬਾਰੇ ਪੜ੍ਹ ਕੇ ਉਹ ਭਾਵੁਕ ਹੋ ਗਏ। ਉਨ੍ਹਾਂ ਦੇ ਪਿਤਾ ਸ. ਪ੍ਰਸਿੰਨ ਸਿੰਘ ਉੱਘੇ ਵਿਅਕਤੀ ਸਨ ਜਿਨ੍ਹਾਂ ਦੇ ਦੋ ਹੋਰ ਸਪੁੱਤਰਾਂ ਭਾਈ ਹਰਦੀਪ ਸਿੰਘ ਤੇ ਸ.ਮਨਜੀਤ ਸਿੰਘ ਨੂੰ ਉਜੜਨ ਦਾ ਸੰਤਾਪ ਸਹਿਣਾ ਪਿਆ ਤੇ ਸੰਘਰਸ਼ ਕਰਕੇ ਸਥਾਪਤ ਹੋਣਾ ਪਿਆ। ਸ. ਦਲਬੀਰ ਸਿੰਘ ਨੂੰ ਦੂਜੀ ਐਡੀਸ਼ਨ ਛਪਵਾਉਣ ਦੀ ਮੈਂ ਬੇਵਸੀ ਪ੍ਰਗਟ ਕੀਤੀ। ਉਨ੍ਹਾਂ ਨੇ ਝੱਟ ਦੂਜੀ ਐਡੀਸ਼ਨ ਛਪਵਾਉਣ ਲਈ ਸਾਰਾ ਖਰਚਾ ਆਪਣੇ ਜ਼ਿੰਮੇ ਲਿਆ। ਮੇਰੇ ਲਈ ਇਹ ਸੁਭਾਗੜੀ ਘੜੀ ਸੀ।

ਮੈਂ, ਸ. ਦਲਬੀਰ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਦਾ ਅਤੀ ਧੰਨਵਾਦੀ ਹਾਂ ਜਿਨ੍ਹਾਂ ਦੀ ਮਾਲੀ ਮਦਦ ਨਾਲ ਇਸ ਪੁਸਤਕ ਦਾ ਦੂਜਾ ਐਡੀਸ਼ਨ ਪਾਠਕਾਂ ਦੇ ਹੱਥਾਂ ਵਿੱਚ ਪੁਜਣਾ ਨਸੀਬ ਹੋਇਆ। ਆਪਣੀਆਂ ਜੜ੍ਹਾਂ ਦੇ ਇਤਿਹਾਸ ਤੇ ਸਭਿਆਚਾਰ ਨੂੰ ਸਾਂਭਣ ਦਾ ਨਿਗੂਣਾ ਜਿਹਾ ਯਤਨ ਪ੍ਰਵਾਨ ਕਰਨਾ।

ਮਿਤੀ: ਪਹਿਲੀ ਨਵੰਬਰ, 2023

ਮਨਮੋਹਨ ਸਿੰਘ ਦਾਊਂ
ਮੁਖੀ
ਪੁਆਧੀ ਪੰਜਾਬੀ ਸੱਥ ਮੁਹਾਲੀ
(ਪੰਜਾਬ)

# ਭਾਗ ਪਹਿਲਾ

## (ਪਹਿਲਾ ਉਠਾਲਾ 1950 ਅਧੀਨ))

ਉਜਾੜੇ ਪਿੰਡ :

1. ਨਗਲਾ
2. ਸ਼ਾਹਜ਼ਾਦਪੁਰ
3. ਭੰਗੀਮਾਜਰਾ
4. ਸੈਣੀਮਾਜਰਾ
5. ਕਾਂਜੀਮਾਜਰਾ
6. ਕਾਲੀਬੜ
7. ਕੈਲੜ
8. ਮਹਿਲੇ ਮਾਜਰਾ
9. ਰੁੜਕੀ ਪੜਾਓ

10 ਖੇੜੀ

11 ਕੰਚਨਪੁਰਾ

12 ਗੁਰਦਾਸਪੁਰਾ

13 ਬਜਵਾੜੀ ਕਰਮ ਚੰਦ

14 ਦਲਹੇੜੀ ਰਾਜਪੂਤਾਂ

15 ਦਲਹੇੜੀ ਜੱਟਾਂ

16 ਕਾਂਸਲ

17 ਨਵਾਂ ਗਾਓਂ



**ਜੱਥੇਦਾਰ ਅੰਗਰੇਜ਼ ਸਿੰਘ**
(ਪਿੰਡ ਬਡਹੇੜੀ)
ਪ੍ਰਧਾਨ
ਪਿੰਡ ਬਚਾਓ ਕਮੇਟੀ



**ਮਾਸਟਰ ਸਰੂਪ ਸਿੰਘ ਨੰਬਰਦਾਰ**
(ਪਿੰਡ ਪਲਸੌਰਾ)
ਸਮਾਜ-ਸੇਵੀ

ਜਿਨ੍ਹਾਂ ਦੇ ਸੰਘਰਸ਼ ਸਦਕਾ 22 ਪਿੰਡ ਯੂ.ਟੀ. ਚੰਡੀਗੜ੍ਹ ਦੇ ਢਹਿਣ ਤੋਂ ਬਚ ਸਕੇ।


ਉੱਠ ਗਏ ਗੁਆਂਢੋ ਯਾਰ
ਰੱਬਾ ਦੱਸ ਕੀ ਕਰੀਏ ?

# ਭਾਗ - ਪਹਿਲਾ

(ਪਹਿਲਾ ਉਠਾਲਾ-1950)


## 1. ਨਗਲਾ ਜਿੱਥੋਂ ਚੰਡੀਗੜ੍ਹ ਦੀ ਉਸਾਰੀ ਦਾ ਮੁੱਢ ਬੱਝਿਆ

ਚੰਡੀਗੜ੍ਹ ਦੀ ਉਸਾਰੀ ਦਾ ਮੁੱਢ ਪਿੰਡ ਨਗਲਾ ਤੋਂ ਬੱਝਿਆ ਸੀ। ਪਿੰਡ ਦੇ ਉਜਾੜੇ ਬਾਰੇ ਬਜ਼ੁਰਗ ਉਜਾਗਰ ਸਿੰਘ ਨੇ ਦੱਸਿਆ "ਪਿੰਡ ਢਾਹਿਆ ਜਾ ਰਿਹਾ ਸੀ ਤੇ ਮੈਂ ਥੋੜ੍ਹੀ ਦੂਰ ਖੜ੍ਹੋਤਾ ਤੱਕ ਰਿਹਾ ਸੀ। ਪਿੰਡ ਨਹੀਂ ਮੇਰਾ ਬਚਪਨ ਵੀ ਸਦਾ ਲਈ ਖੁਸ ਗਿਆ ਸੀ। ਖੇਡਣ ਵਾਲੀਆਂ ਥਾਵਾਂ, ਗਲੀਆਂ, ਟੋਭੇ , ਖ਼ੂਹ ਤੇ ਬਾਗ ਸਾਰੇ ਖਤਮ ਹੋ ਗਏ। ਉਸ ਸਮੇਂ ਮੇਰੀ ਉਮਰ ਸਤਾਰਾਂ ਸਾਲ ਸੀ।"




*ਪਿੰਡ ਨਗਲਾ ਵਾਲੀ ਥਾਂ 'ਤੇ ਸੈਕਟਰ 27 'ਚ ਬਣਿਆ ਮੰਦਰ*

ਹੁਣ ਅੱਸੀ ਸਾਲ ਦੇ ਉਜਾਗਰ ਸਿੰਘ ਨੇ ਪਹਿਲਾਂ 1952 ਵਿੱਚ ਨਗਲਾ ਤੋਂ ਉੱਜੜ ਕੇ ਪਿੰਡ ਗਿੱਦੜਪੁਰਾ ਵਿੱਚ ਵਸੇਬਾ ਕੀਤਾ। ਉੱਥੇ ਰਹਿਣਾ ਰਾਸ ਨਾ ਆਇਆ ਤੇ ਫਿਰ ਐਸਏਐਸ ਨਗਰ ਫੇਜ਼ ਦਸ ਵਿੱਚ ਘਰ ਬਣਾਇਆ। ਸੇਵਾ-ਮੁਕਤ ਇੰਜਨੀਅਰ ਉਜਾਗਰ ਸਿੰਘ ਨਿਰਾਲਾ ਨੇ ਬਿਮਾਰੀ ਕਾਰਨ ਬੈੱਡ 'ਤੇ ਪਇਆਂ ਬੜੀ ਹੁਭੀ ਆਵਾਜ਼ ਨਾਲ ਮਾਂ-ਬੋਲੀ ਪੰਜਾਬੀ 'ਚ ਲਿਖੀਆਂ ਪੁਸਤਕਾਂ ਦਾ ਜ਼ਿਕਰ ਇੰਜ ਕੀਤਾ,"ਅੰਬਰੀਂ ਚਮਕਣ ਤਾਰੇ", 'ਮੇਰੇ ਅਰਮਾਨ' ਅਤੇ 'ਜਿੰਨ੍ਹਾਂ ਰਾਹੀਂ ਮੈਂ ਲੰਘਿਆ' (ਸਫ਼ਰਨਾਮਾ) ਤੇ ਕੁਝ ਹੋਰ ਵੀ ਅਣਛਪਿਆ ਪਿਆ ਹੈ ਮੇਰਾ ਲਿਖਿਆ।" ਉਜਾਗਰ ਸਿੰਘ ਦੇ ਪਿਤਾ ਹਜ਼ਾਰਾ ਸਿੰਘ ਤੋਂ ਇਲਾਵਾ ਨਗਲਾ ਦੇ ਸ਼ਮਸ਼ੇਰ ਸਿੰਘ, ਬੀਰ ਸਿੰਘ, ਪਿਰਥੀ ਸਿੰਘ, ਮਾਸਟਰ ਅਰਜਨ ਸਿੰਘ (ਅੰਬਾਲੇ ਵਾਲੇ), ਕਾਕਾ ਸਿੰਘ ਤੇ ਤਰਲੋਕ ਸਿੰਘ ਪਿੰਡ ਦੇ ਪ੍ਰਮੁੱਖ ਵਿਅਕਤੀ ਸਨ। ਰੁਲੀਆ ਸਿੰਘ ਉਰਫ਼ ਰੁਲੀ, ਉਜਾਗਰ ਸਿੰਘ ਨਿਰਾਲਾ ਦੇ ਦਾਦਾ ਜੀ ਸਨ ਜੋ ਉੱਘੇ ਹਕੀਮ ਸਨ ਤੇ ਮੁਫ਼ਤ ਇਲਾਜ ਕਰਦੇ ਸਨ। ਘਰ ਵਿੱਚ ਪੁਸਤਕਾਂ ਰੱਖਣ ਦਾ ਸ਼ੌਕ ਸੀ। ਵਿਦਵਾਨ ਸਾਵਣ ਸਿੰਘ ਰਮਾਇਣ ਤੇ ਮਹਾਂਭਾਰਤ ਆਦਿ ਦਾ ਮੰਨਿਆ-ਪ੍ਰਮੰਨਿਆ ਗਿਆਤਾ ਸੀ।



*ਲੀ-ਕਾਰਬੂਜ਼ੀਅਰ ਆਪਣੇ ਦਫ਼ਤਰ ਸੈਕਟਰ 19 'ਚ*

ਉਜਾਗਰ ਸਿੰਘ ਨੇ ਦੱਸਿਆ ਕਿ ਪਿੰਡ ਨਗਲਾ ਦੀ ਆਬਾਦੀ ਕਰੀਬ 200 ਸੀ ਅਤੇ ਲਗਪਗ 30 ਘਰ ਸਨ ਜੋ ਕੱਚੇ ਹੁੰਦੇ ਸਨ। ਜ਼ਿਮੀਂਦਾਰ, ਬ੍ਰਾਹਮਣ, ਕਹਾਰ, ਤਰਖਾਣ, ਸੁਨਿਆਰ ਤੇ ਖੱਤਰੀ ਭਾਈਚਾਰਿਆਂ ਦੇ ਲੋਕ ਆਪਸ ਵਿੱਚ ਮਿਲ ਕੇ ਰਹਿੰਦੇ ਸਨ। ਪਿੰਡ ਛੋਟਾ ਸੀ। ਸਾਰੇ ਇੱਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਹੁੰਦੇ ਤੇ ਸਭ ਦਾ ਇੱਕ-ਦੂਜੇ ਦੇ ਘਰ ਆਉਣਾ-ਜਾਣਾ ਹੁੰਦਾ ਸੀ। ਹੁਣ ਪਿੰਡਾਂ ਵਿੱਚ ਭੂਗੋਲਿਕ ਬਦਲਾਅ ਦੇ ਨਾਲ-ਨਾਲ ਸੋਚ, ਵਿਚਾਰ ਤੇ ਰਹਿਣੀ-ਬਹਿਣੀ ਵਿੱਚ ਬਹੁਤ ਬਦਲਾਅ ਆ ਗਿਆ। ਹੁਣ ਤਾਂ ਕੋਈ ਗੁਆਂਢੀ ਨਾਲ ਮਿਲ-ਵਰਤਣ ਨੂੰ ਵੀ ਰਾਜ਼ੀ ਨਹੀਂ।



*ਉਜਾਗਰ ਸਿੰਘ ਨਿਰਾਲਾ*

ਪਿੰਡ ਨਗਲਾ ਦੀ ਜ਼ਮੀਨ ਲਗਪਗ 250 ਕੀਲੇ ਸੀ। ਪਿੰਡ ਵਿੱਚ ਤਿੰਨ ਪੱਤੀਆਂ ਸਨ। ਉਪਰਲੀ ਪੱਤੀ, ਗਭਲੀ ਪੱਤੀ ਤੇ ਹੇਠਲੀ ਪੱਤੀ ਵਜੋਂ ਜਾਣੀਆਂ ਜਾਂਦੀਆਂ ਸਨ। ਤਿੰਨਾਂ ਪੱਤੀਆਂ ਵਿੱਚ ਵੱਖਰੇ-ਵੱਖਰੇ ਤਿੰਨ ਖੂਹ ਸਨ। ਦੇਸੀ ਅੰਬਾਂ ਦੇ ਬਾਗ਼ ਹੁੰਦੇ ਸਨ। ਇਨ੍ਹਾਂ ਬਾਗ਼ਾਂ ਵਿੱਚ ਗਰਮੀਆਂ 'ਚ ਖ਼ੂਬ ਰੌਣਕਾਂ ਲਗਦੀਆਂ ਸਨ। ਪਿੰਡ ਵਿੱਚ ਗੁੱਗਾ ਨੌਮੀ ਦੇ ਮੇਲੇ 'ਤੇ ਸਾਰੇ ਪੁੱਜਦੇ ਸਨ। ਪਿੰਡ ਵਿੱਚ ਪ੍ਰਾਇਮਰੀ ਸਕੂਲ ਨਾ ਹੋਣ ਕਾਰਨ ਬੱਚੇ ਨੇੜੇ ਦੇ ਪਿੰਡ ਕਾਲੀਬੜ ਸਕੂਲ ਵਿੱਚ ਪੜ੍ਹਨ ਜਾਂਦੇ ਸਨ। ਇਸ ਪਿੰਡ ਨੂੰ ਵਸੇਬੇ ਲਈ ਗਿੱਦੜਪੁਰਾ, ਸਨੇਟਾ ਤੇ ਮਨੀਮਾਜਰਾ ਆਦਿ ਪਿੰਡਾਂ ਵਿੱਚ ਘਰ ਅਤੇ ਜ਼ਮੀਨਾਂ ਅਲਾਟ ਕੀਤੀਆਂ ਗਈਆਂ ਸਨ। ਇਸ ਪਿੰਡ ਦੀ ਇਤਿਹਾਸਕ ਮਹੱਤਤਾ ਇਹ ਬਣਦੀ ਹੈ ਕਿ ਚੰਡੀਗੜ੍ਹ ਦੀ ਉਸਾਰੀ ਦਾ ਮੁੱਢ ਇਸ ਪਿੰਡ ਤੋਂ ਬੱਝਿਆ ਸੀ। ਸੈਕਟਰ 19 ਅਤੇ 27 ਇਸ ਪਿੰਡ ਦੀ ਜ਼ਮੀਨ 'ਤੇ ਹੀ ਉਸਰੇ। ਚੰਡੀਗੜ੍ਹ ਦਾ ਆਰਕੀਟੈਕਟ ਘਾੜਾ ਲੀ-ਕਾਰਬੂਜ਼ੀਅਰ ਅਤੇ ਉਸ ਦੇ ਸਹਿਯੋਗੀ ਆਰਜ਼ੀ ਦਫ਼ਤਰ ਬਣਾ ਕੇ ਇੱਥੇ ਹੀ ਕੰਮ ਕਰਦੇ ਹੁੰਦੇ ਸਨ। ਚੰਡੀਗੜ੍ਹ ਦਾ ਸੈਕਟਰ 27 ਵਾਲਾ ਪਹਿਲਾ ਬੱਸ ਸਟੈਂਡ ਇੱਥੇ ਹੀ ਬਣਿਆ। ਚੰਡੀਗੜ੍ਹ ਦਾ ਮੁਢਲਾ ਡਾਕ-ਤਾਰ ਵਿਭਾਗ ਵੀ ਇਸੇ ਪਿੰਡ ਦੀ ਜ਼ਮੀਨ 'ਤੇ ਖੋਲ੍ਹਿਆ ਗਿਆ। ਇਸ ਤੋਂ ਇਲਾਵਾ ਆਲ ਇੰਡੀਆ ਰੇਡੀਓ ਸਟੇਸ਼ਨ ਵੀ ਇੱਥੇ ਹੀ ਚਾਲੂ ਹੋਇਆ ਤੇ ਬਾਅਦ ਵਿੱਚ ਇਨ੍ਹਾਂ ਦੇ ਦਫ਼ਤਰਾਂ ਨੂੰ ਵੱਖ-ਵੱਖ ਸੈਕਟਰਾਂ ਵਿੱਚ ਤਬਦੀਲ ਕਰ ਦਿੱਤਾ ਗਿਆ।

ਪਿੰਡ ਨਗਲਾ ਤੋਂ ਉੱਜੜੇ ਬਜ਼ੁਰਗਾਂ ਨਾਲ ਗੱਲ ਕਰੀਏ ਤਾਂ ਉਨ੍ਹਾਂ ਦੇ ਮੂੰਹੋਂ ਕਈ ਸ਼ਿਕਾਇਤਾਂ ਸੁਣਨ ਨੂੰ ਮਿਲਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਪਿੰਡ ਦੀ ਜ਼ਮੀਨ 'ਤੇ ਇੱਕ ਯਾਦਗਾਰ ਬਣਨੀ ਚਾਹੀਦੀ ਹੈ ਜੋ ਨਗਲਾ ਨਾਲ ਸਬੰਧਤ ਹੋਵੇ। ਬਜ਼ੁਰਗ ਕਹਿੰਦੇ ਹਨ ਕਿ ਪੁਰਖੇ ਨਵੇਂ ਪਿੰਡ ਦਾ ਮੁੱਢ ਬੰਨ੍ਹਣ ਵੇਲੇ ਮੋੜ੍ਹੀ ਗੱਡਦੇ ਹੁੰਦੇ ਸਨ। ਸ਼ਗਨ ਮਨਾਉਂਦੇ ਸਨ। ਚੰਡੀਗੜ੍ਹ ਬਣਾਉਣ ਵੇਲੇ ਪਿੰਡ ਦੇ ਨਾਂ 'ਤੇ ਇੱਕ ਨਿਸ਼ਾਨੀ ਵੀ ਨਹੀਂ ਰੱਖੀ ਗਈ। ਉਨ੍ਹਾਂ ਦਾ ਕਹਿਣਾ ਸੀ ਕਿ ਘੱਟੋ-ਘੱਟ ਪਿੰਡਾਂ ਦੇ ਵਿਰਸੇ ਅਤੇ ਵਿਰਾਸਤ ਨੂੰ ਦਰਸਾਉਂਦਾ ਇੱਕ ਅਜਾਇਬ ਘਰ ਹੀ ਹੋਵੇ।

## 2. ਸ਼ਾਹਜ਼ਾਦਪੁਰ ਜਿੱਥੇ ਬਣਿਆ ਪੀ.ਜੀ.ਆਈ.




ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਬਣਾਉਣ ਦੇ ਫ਼ੈਸਲੇ ਤਹਿਤ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ 2 ਅਪਰੈਲ, 1952 ਨੂੰ ਚੰਡੀਗੜ੍ਹ ਦੀ ਉਸਾਰੀ ਦਾ ਨੀਂਹ ਪੱਥਰ ਰੱਖਿਆ ਸੀ। ਉਦੋਂ ਚੰਡੀਗੜ੍ਹ ਨੂੰ 114 ਵਰਗ ਕਿਲੋਮੀਟਰ ਵਿੱਚ ਵਸਾਉਣ ਲਈ ਪਹਿਲੇ ਪੜਾਅ ਵਿੱਚ ਕੁੱਲ 63 ਸੈਕਟਰ ਬਣਾਉਣ ਦੀ ਯੋਜਨਾ ਸੀ। ਚੰਡੀਗੜ੍ਹ ਵਸਾਉਣ ਲਈ ਇੱਥੋਂ ਦੇ ਪਿੰਡਾਂ ਨੂੰ ਉਜਾੜਨ ਦਾ ਦੌਰ 1950 ਵਿੱਚ ਸ਼ੁਰੂ ਹੋਇਆ। ਪਹਿਲੇ ਉਠਾਲੇ ਵਿੱਚ ਜਿਨ੍ਹਾਂ 17 ਪਿੰਡਾਂ ਨੂੰ ਬੁਲਡੋਜ਼ਰ ਦੀ ਮਾਰ ਝੱਲਣੀ ਪਈ, ਉਨ੍ਹਾਂ ਵਿੱਚ ਸ਼ਾਹਜ਼ਾਦਪੁਰ ਵੀ ਸ਼ਾਮਲ ਹੈ। ਇਸ ਪਿੰਡ ਦੀ ਜ਼ਮੀਨ 'ਤੇ ਸੈਕਟਰ 11 ਅਤੇ 12 ਬਣਾਇਆ ਗਿਆ ਜਿਸ ਤਹਿਤ ਇਸ ਜ਼ਮੀਨ 'ਤੇ ਪੀ.ਜੀ.ਆਈ. ਬਣਿਆ।

ਸ਼ਾਹਜ਼ਾਦਪੁਰ ਦੇ ਪੂਰਬ ਵੱਲ ਪਿੰਡ ਮਹਿਲੋਮਾਜਰਾ, ਉੱਤਰ ਵੱਲ ਪਿੰਡ ਖੁੱਡਾ ਜੱਸੂ, ਦੱਖਣ ਵੱਲ ਪਿੰਡ ਕਾਂਜੀਮਾਜਰਾ ਤੇ ਪੱਛਮ ਵੱਲ ਧਨਾਸ ਦੇ ਬੰਨੇ ਲੱਗਦੇ ਸਨ।



ਪੀ.ਜੀ.ਆਈ. ਦਾ ਮੁੱਖ ਦੁਆਰ

ਇਸ ਪਿੰਡ ਵਿੱਚ ਕਰੀਬ 100 ਘਰ ਸਨ ਅਤੇ ਆਬਾਦੀ ਲਗਪਗ ਇੱਕ ਹਜ਼ਾਰ ਸੀ। ਪਿੰਡ ਵਿੱਚ ਜ਼ਿਮੀਂਦਾਰ, ਬ੍ਰਾਹਮਣ, ਤਰਖਾਣ, ਕਹਾਰ, ਗੁੱਜਰ, ਰਾਮਦਾਸੀਏ ਤੇ ਬਾਲਮੀਕੀ ਵਰਗ ਦੇ ਲੋਕ ਰਹਿੰਦੇ ਸਨ। ਪਿੰਡ ਦੇ ਆਲੇ-ਦੁਆਲੇ ਉੱਤਰ-ਪੱਛਮ ਵਿੱਚ ਜੰਗਲਨੁਮਾ ਸੰਘਣੇ ਦਰੱਖ਼ਤ ਸਨ ਤੇ ਪਸ਼ੂਆਂ ਲਈ ਚਰਾਂਦਾਂ ਹੁੰਦੀਆਂ ਸਨ। ਗੁੱਜਰ ਲੋਕ ਬਕਰੀਆਂ ਪਾਲਦੇ ਸਨ। ਇਸ ਪਿੰਡ ਦੇ ਵਾਸੀਆਂ ਨੂੰ ਉਠਾਲੇ ਸਮੇਂ ਵਸੇਬੇ ਲਈ ਘਰ ਅਤੇ ਜ਼ਮੀਨਾਂ ਮਨੀਮਾਜਰਾ ਅਤੇ ਪੰਚਕੂਲਾ ਵਿੱਚ ਦਿੱਤੀਆਂ ਗਈਆਂ। ਕਈ ਲੋਕ ਹੋਰ ਥਾਵਾਂ 'ਤੇ ਵੀ ਜਾ ਵੱਸੇ। ਸਾਲ 1966 ਵਿੱਚ ਹਰਿਆਣਾ ਬਣਨ ਨਾਲ ਇਨ੍ਹਾਂ ਲੋਕਾਂ ਨੂੰ ਮਨੀਮਾਜਰਾ ਅਤੇ ਪੰਚਕੂਲਾ ਦੀਆਂ ਜ਼ਮੀਨਾਂ ਕਰਕੇ ਉਜਾੜੇ ਦਾ ਸੰਤਾਪ ਮੁੜ ਭੋਗਣਾ ਪਿਆ।



ਭਗਤ ਮਲਕੀਤ ਸਿੰਘ
ਸ਼ਾਹਜ਼ਾਦਪੁਰ

ਪਿੰਡ ਸ਼ਾਹਜ਼ਾਦਪੁਰ ਵਿੱਚ ਕੋਈ ਸਕੂਲ ਨਹੀਂ ਸੀ। ਬੱਚੇ ਕੈਲੜ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਨ ਜਾਂਦੇ ਸਨ। ਕੋਈ ਗੁਰਦੁਆਰਾ ਨਹੀਂ ਸੀ। ਧਰਮਸ਼ਾਲਾ ਅਤੇ ਖੇੜਾ ਹੁੰਦਾ ਸੀ ਜਿਸ ਦਾ ਕੋਈ ਵਜੂਦ ਨਹੀਂ ਰਿਹਾ। ਇਸ ਪਿੰਡ ਦੀ ਨਿਸ਼ਾਨੀ ਵੱਜੋਂ ਗੁੱਗਾ-ਮਾੜੀ ਦਾ ਮੰਦਰ ਪੀਜੀਆਈ ਦੀ ਹਦੂਦ ਅੰਦਰ ਮੁੱਖ ਦੁਆਰ ਦੇ ਸੱਜੇ ਹੱਥ ਪੂਰਬ ਵੱਲ, ਚੌਕ ਤੋਂ ਇੰਜਨੀਅਰਿੰਗ ਕਾਲਜ ਨੂੰ ਜਾਂਦੀ ਸੜਕ 'ਤੇ ਸਥਿਤ ਹੈ। ਇਸ ਮੰਦਰ ਦੀ ਕਾਫ਼ੀ ਮਾਨਤਾ ਹੈ। ਇੱਥੇ ਗੁੱਗਾ ਨੌਮੀ ਦਾ ਮੇਲਾ ਵੀ ਭਰਦਾ ਹੈ। ਇਸ ਮੰਦਰ ਦੇ ਪੁਜਾਰੀ ਮਲਕੀਤ ਸਿੰਘ ਹਨ। ਮੰਦਰ ਦੀ ਜ਼ਮੀਨ ਦਾ ਰਕਬਾ ਦੋ ਵਿੱਘੇ ਹੈ ਜਿਸ ਵਿੱਚ ਲਗਪਗ 200 ਸਾਲ ਪੁਰਾਣਾ ਬੋਹੜ ਅਤੇ ਪਿੱਪਲ ਅਜੇ ਵੀ ਹੈ। ਪਿੰਡ ਦੀ ਜ਼ਮੀਨ 'ਤੇ ਸੈਕਟਰ 11 ਦੀ ਮਾਰਕੀਟ, ਕੋਠੀਆਂ ਤੇ ਸਰਕਾਰੀ ਕਾਲਜ ਬਣੇ ਹੋਏ ਹਨ। ਪਿੰਡ ਦੇ ਪ੍ਰਮੁੱਖ ਵਿਅਕਤੀਆਂ ਵਿੱਚ ਨੰਬਰਦਾਰ ਮੇਵਾ ਸਿੰਘ, ਪੰਡਿਤ ਹਰਚੰਦ, ਮਾਤੂ ਰਾਮ, ਪੰਡਿਤ ਰੂਪ ਚੰਦ, ਬਚਨ ਸਿੰਘ, ਨਗੀਨਾ ਤੇ ਜੇਠੂ ਰਾਮ ਦੇ ਨਾਮ ਜ਼ਿਕਰਯੋਗ ਹਨ।

# 3. (i) ਭੰਗੀਮਾਜਰਾ ਜਿੱਥੇ ਬਣਿਆ ਪੰਜਾਬ ਗਵਰਨਰ ਹਾਊਸ




ਪੰਜਾਬ ਗਵਰਨਰ ਹਾਊਸ

ਆਜ਼ਾਦੀ ਤੋਂ ਬਾਅਦ ਪੰਜਾਬ ਦੀ ਰਾਜਧਾਨੀ ਬਣਾਉਣ ਲਈ ਪੁਆਧ ਖੇਤਰ ਦੀ ਹਿੱਕ 'ਤੇ ਚੰਡੀਮੰਦਰ ਦੇ ਨਾਮ 'ਤੇ ਚੰਡੀਗੜ੍ਹ ਸ਼ਹਿਰ ਵਸਾਉਣ ਲਈ ਪਹਿਲੇ ਉਠਾਲੇ ਨਾਲ 1952 ਵਿੱਚ 17 ਪਿੰਡਾਂ ਨੂੰ ਉਜਾੜਿਆ ਗਿਆ ਸੀ। ਇਨ੍ਹਾਂ ਪਿੰਡਾਂ ਵਿੱਚ ਘੁੱਗ ਵਸਦਾ ਨਾਮਵਰ ਪਿੰਡ ਭੰਗੀਮਾਜਰਾ ਸੀ। ਇਸ ਪਿੰਡ ਦਾ ਨਾਂ ਰਾਮਨਗਰ ਕਰਕੇ ਵੀ ਜਾਣਿਆ ਜਾਂਦਾ ਸੀ।



ਭਾਗ ਸਿੰਘ



ਲਛਮਣ ਸਿੰਘ



ਜੋਗਿੰਦਰ ਸਿੰਘ ਜੋਗੀ



ਇੰਜ. ਜਸਵੀਰ ਸਿੰਘ

ਪਿੰਡ ਭੰਗੀਮਾਜਰਾ ਬਾਰੇ ਬਜ਼ੁਰਗਾਂ ਨੇ ਦੱਸਿਆ ਕਿ ਉਜਾੜੇ ਸਮੇਂ ਸਰਕਾਰ ਨੇ ਲੋਕਾਂ ਨੂੰ ਮੁੜ ਵਸੇਬੇ ਲਈ ਜ਼ਮੀਨ ਤਾਂ ਦੇ ਦਿੱਤੀ ਪਰ ਹੋਰ ਕੋਈ ਵੀ ਸਹੂਲਤ ਨਹੀਂ ਦਿੱਤੀ। ਇਸ ਪਿੰਡ ਦੇ ਲੋਕਾਂ ਨੂੰ ਤੰਗੌਰੀ, ਲਖਨੌਰ, ਬੀਪੁਰ, ਚਿਤਾਮਲਾ, ਮਨੀਮਾਜਰਾ, ਕੁਰਾਲੀ, ਮੁੰਡਰੜਿਆਂ ਆਦਿ ਪਿੰਡਾਂ ਵਿੱਚ ਜ਼ਮੀਨ ਮਿਲਣ 'ਤੇ ਆਪਣਾ ਟਿਕਾਣਾ ਕਰਨਾ ਪਿਆ। ਲੋਕਾਂ ਨੂੰ ਭਵਿੱਖ ਬਾਰੇ ਏਨੀ ਜਾਣਕਾਰੀ ਨਹੀਂ ਸੀ ਕਿ ਚੰਡੀਗੜ੍ਹ ਦੁਨੀਆਂ ਦੇ ਨਕਸ਼ੇ 'ਤੇ ਏਨੀ ਪ੍ਰਸਿੱਧੀ ਖਟੇਗਾ ਤੇ ਨਾ ਹੀ ਇਨ੍ਹਾਂ ਲੋਕਾਂ ਦੇ ਹੱਕਾਂ ਲਈ ਕਿਸੀ ਰਾਜਸੀ ਨੇਤਾ ਨੇ ਅਗਵਾਈ ਕੀਤੀ। ਲੋਕਾਂ ਨੂੰ ਉਜਾੜੇ ਦਾ ਸੰਤਾਪ ਝੱਲਣਾ ਪਿਆ। ਪਿੰਡ ਲੋਪ ਹੋ ਗਿਆ ਤੇ ਪਿੰਡ ਦਾ ਭਾਈਚਾਰਾ ਤੇ ਵਿਰਸਾ ਖਿੰਡ-ਪੁੰਡ ਗਿਆ। ਇਸ ਪਿੰਡ ਦੀ ਬਹਿੰਦੜ ਜ਼ਮੀਨ ਲਗਪਗ 3200 ਬੀਘੇ ਤੇ ਪਸ਼ੂਆਂ ਦੀ ਚਰਾਂਦ 864 ਬੀਘੇ ਦੇ ਕਰੀਬ ਸੀ। ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਮੱਕੀ, ਕਣਕ, ਛੋਲੇ, ਕਮਾਦ ਤੇ ਮੂੰਗਫਲੀ ਦੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਸਨ। ਜ਼ਿਮੀਂਦਾਰਾਂ ਨੂੰ ਬਲਦ ਰੱਖਣ ਦਾ ਸ਼ੌਕ ਹੁੰਦਾ ਸੀ ਤੇ ਕਈ ਘਰਾਣਿਆਂ



ਨਿਰਮਲ ਸਿੰਘ



ਡਾ. ਸ਼ੇਰ ਸਿੰਘ



ਮਨਜੀਤ ਸਿੰਘ

ਵਿੱਚ ਬਲਦਾਂ ਦੀਆਂ ਕਈ ਜੋੜੀਆਂ ਸਨ। ਆਪਸ ਵਿੱਚ ਤੇ ਰਿਸ਼ਤੇਦਾਰੀਆਂ 'ਚ ਬਲਦਾਂ ਦੀਆਂ ਜੋੜੀਆਂ ਆਬਤ ਲਈ ਜਾਂਦੀਆਂ ਸਨ। ਬਾਬਾ ਨੰਦ ਸਿੰਘ ਤੇ ਛੱਜਾ ਸਿੰਘ ਦੇ ਘਰਾਣੇ ਬਲਦ ਰੱਖਣ ਲਈ ਮਸ਼ਹੂਰ ਸਨ। ਲੋਕਾਂ ਨੂੰ ਘੋੜੀਆਂ ਰੱਖਣ ਦਾ ਸ਼ੌਕ ਵੀ ਸੀ। ਕਈ ਖਾਨਦਾਨੀ ਬੰਦੇ ਘੋੜੀਆਂ 'ਤੇ ਸਵਾਰ ਹੋ ਕੇ ਰਿਸ਼ਤੇਦਾਰੀਆਂ ਵਿੱਚ ਜਾਂਦੇ ਸਨ।

ਇਸ ਪਿੰਡ ਤੋਂ ਮਨਸਾ ਦੇਵੀ ਦਾ ਮੰਦਰ ਵੀ ਬਹੁਤਾ ਦੂਰ ਨਹੀਂ ਪੈਂਦਾ ਸੀ। ਲੋਕਾਂ ਨੂੰ ਹਰ ਸਾਲ ਮਨਸਾ ਦੇਵੀ ਦੇ ਮੇਲੇ 'ਤੇ ਜਾਣ ਦਾ ਚਾਅ ਹੁੰਦਾ ਸੀ। ਸੁੱਖ ਉਤਾਰਨ ਲਈ ਮੰਦਰ ਵਿੱਚ ਛੇਲੀਆਂ ਚੜ੍ਹਾਈਆਂ ਜਾਂਦੀਆਂ ਸਨ। ਕਬੱਡੀ ਖੇਡਣ ਲਈ ਪਿੰਡ ਦੇ ਗੱਭਰੂ ਖ਼ੂਬ ਸਰੀਰ ਕਮਾਉਂਦੇ। ਪਿੰਡ ਦੇ ਜ਼ਿਆਦਾਤਰ ਲੋਕਾਂ ਦਾ ਗੋਤ ਛੜਾਨ ਸੀ। ਇਸ ਪਿੰਡ ਦੀਆਂ ਸ਼ਾਨਦਾਰ ਹਵੇਲੀਆਂ ਹੁੰਦੀਆਂ ਸਨ, ਜਿਨ੍ਹਾਂ ਕਰਕੇ ਹਵੇਲੀਆਂ ਵਾਲੇ ਜ਼ਿਮੀਂਦਾਰਾਂ ਦਾ ਪਿੰਡ ਆਖਿਆ ਜਾਂਦਾ ਸੀ। ਬਾਲਿਆਂ ਦੀ ਛੱਤ ਵਾਲੇ ਚੁਬਾਰੇ ਵੀ ਹੁੰਦੇ ਸਨ।

ਇਸ ਪਿੰਡ ਦੇ ਕਈ ਵਿਅਕਤੀ ਚੰਗੇ ਅਹੁਦਿਆਂ 'ਤੇ ਰਹੇ ਹਨ। ਕਈ ਨਾਮਵਰ ਵਿਅਕਤੀਆਂ ਵਿੱਚ ਨੰਬਰਦਾਰ ਲਛਮਣ ਸਿੰਘ, ਜੋਗਿੰਦਰ ਸਿੰਘ ਜੋਗੀ, ਮਹਿੰਦਰ ਸਿੰਘ, ਮਾਸਟਰ ਹਰਦਿਆਲ ਸਿੰਘ (ਸ਼ਿਮਲੇ ਵਾਲੇ) ਡਾ. ਸ਼ੇਰ ਸਿੰਘ, ਇੰਜ. ਜਸਵੀਰ ਸਿੰਘ, ਸਰਵਣ ਸਿੰਘ, ਡਾ. ਨਿਰਮਲ ਸਿੰਘ, ਸੁਖਜੀਤ ਸਿੰਘ ਸੁੱਖੀ, ਮੇਹਰ ਸਿੰਘ, ਗੁਰਦਿੱਤ ਸਿੰਘ ਤੇ ਬਜ਼ੁਰਗ ਭਾਗ ਸਿੰਘ ਦਾ ਨਾਂ ਜ਼ਿਕਰਯੋਗ ਹੈ। ਪਿੰਡ ਦੀ ਦਾਈ ਸੁਰਤੋ ਮਾਈ ਸਭ ਦੀ ਹਰਮਨ-ਪਿਆਰੀ ਸੀ। ਪਿੰਡ ਭੰਗੀਮਾਜਰਾ ਦੀ ਥਾਂ ਉੱਸਰੇ ਪੰਜਾਬ ਰਾਜ ਭਵਨ ਚੰਡੀਗੜ੍ਹ ਦੀ ਸ਼ਾਨੋ-ਸ਼ੌਕਤ ਭਾਵੇਂ ਬਹੁਤ ਹੈ ਪਰ ਕਿਸੇ ਨੂੰ ਚੇਤਾ ਵੀ ਨਹੀਂ ਕਿ ਇਹ ਕਿਸੇ ਪਿੰਡ ਨੂੰ ਉਜਾੜ ਕੇ ਬਣਾਇਆ ਗਿਆ ਹੈ। ਇਸ ਉਜਾੜੇ ਬਾਰੇ ਮਾਲ ਵਿਭਾਗ ਦਾ ਰਿਕਾਰਡ ਵੀ 'ਚੁੱਪ' ਹੈ। ਪੰਜਾਬ ਰਾਜ ਭਵਨ ਵਿੱਚ ਪੁਰਾਣਾ ਖ਼ੂਹ ਹੁੰਦਾ ਸੀ। ਖ਼ੂਹ 'ਚੋਂ ਪਾਣੀ ਭਰਨ ਲਈ ਦੋ ਬੰਦੇ ਲੱਜ ਨੂੰ ਚੁੱਕਦੇ ਸਨ। ਕਈ ਸਾਲ ਪਹਿਲਾਂ ਖ਼ੂਹ ਪੂਰ ਦਿੱਤਾ ਗਿਆ।

ਰਾਜ ਭਵਨ ਦੀ ਪਾਰਕਿੰਗ ਵਾਲੀ ਥਾਂ 'ਤੇ ਬਾਹਰ ਦੋ ਪੁਰਾਣੇ ਬੋਹੜ, ਇੱਕ ਪਿੱਪਲ ਤੇ ਇੱਕ ਨਿੰਮ ਪਿੰਡ ਦੀ ਯਾਦ ਸਾਂਭੀ ਬੈਠੇ ਹਨ। ਪਿੰਡ ਤੰਗੌਰੀ ਦਾ ਸੁਰਜੀਤ ਸਿੰਘ, ਜੋ ਰਾਜ ਭਵਨ ਵਿੱਚ ਸੇਵਾਵਾਂ ਨਿਭਾਅ ਰਿਹਾ ਸੀ, ਦੱਸਦਾ ਹੈ ਕਿ ਉਨ੍ਹਾਂ ਦੇ ਬਜ਼ੁਰਗ ਆਪਣੇ ਪਿੰਡ


ਦੀਆਂ ਗੱਲਾਂ ਕਰਦੇ ਹਾਉਂਕੇ ਭਰਨ ਲੱਗ ਜਾਂਦੇ ਹਨ, ਮਿੱਟੀ ਦਾ ਮੋਹ ਜੋ ਹੋਇਆ। ਸੁਖਨਾ ਝੀਲ ਵੀ ਇਸ ਪਿੰਡ ਦੀ ਜੂਹ ਦਾ ਹਿੱਸਾ ਬਣੀ। ਸੈਕਟਰ 6 ਵਿੱਚ ਸਥਿਤ ਰਾਜ ਭਵਨ ਲਗਪਗ 20 ਕਿੱਲਿਆਂ ਵਿੱਚ ਫੈਲਿਆ ਹੋਇਆ ਹੈ।

*ਦੁਰਲਭ ਫੋਟੋ*




*ਗੁਰਦੇਵ ਸਿੰਘ ਦੇ ਵਿਆਹ ਮੌਕੇ 3-5-1938 ਨੂੰ ਲਛਮਣ ਸਿੰਘ ਦਾ ਪਰਿਵਾਰ ਤੇ ਰਿਸ਼ਤੇਦਾਰ*

ਇਸ ਵਿੱਚ ਮੋਟਰ ਪਾਰਕਿੰਗ ਹੈ, ਜਿੱਥੇ ਕਦੇ ਪਿੰਡ ਦਾ ਟੋਭਾ ਹੁੰਦਾ ਸੀ। ਝੀਲ 'ਤੇ ਪੁਰਾਣਾ ਪਿੱਪਲ ਪਿੰਡ ਦੀ ਨਿਸ਼ਾਨੀ ਦਾ ਚਿੰਨ੍ਹ ਹੈ। ਉੱਤਰ ਵਾਲੇ ਪਾਸੇ ਸੈਕਟਰ-7 ਵਿੱਚ ਗੋਲਫ ਗਰਾਊਂਡ ਰੌਣਕਾਂ ਖਲੇਰਦਾ ਰਹਿੰਦਾ ਹੈ। ਇਸ ਥਾਂ 'ਤੇ ਪਿੰਡ ਦੀ ਯਾਦਗਾਰ ਵਜੋਂ ਬੋਰਡ ਲਾਇਆ ਜਾਣਾ ਚਾਹੀਦਾ ਹੈ ਤੇ ਨੇੜਲੇ ਚੌਂਕ ਦਾ ਨਾਮ ਪਿੰਡ ਦੇ ਨਾਂ 'ਤੇ ਰੱਖਿਆ ਜਾਣਾ ਚਾਹੀਦਾ ਹੈ।



*ਨਿਰਮਲ ਸਿੰਘ ਦੀ ਘੁਲਾੜੀ*



*ਗੜਬੜਾ*

# (ii) ਸੁਖਨਾ ਝੀਲ ਦੇ ਪਿੱਪਲ ਦੀ ਆਤਮ-ਕਥਾ



ਪ੍ਰਾਚੀਨ ਪਿੱਪਲ

ਚੰਡੀਗੜ੍ਹ ਸ਼ਹਿਰ ਦੀਆਂ ਕਈ ਥਾਵਾਂ, ਇਮਾਰਤਾਂ ਤੇ ਅਦਾਰੇ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਹਨ, ਉੱਥੇ ਉੱਤਰ-ਪੂਰਬ ਸਥਿੱਤ ਸੁਖਨਾ ਝੀਲ ਵੀ ਆਪਣੇ-ਆਪ ਦਰਸ਼ਕਾਂ ਨੂੰ ਮਨ-ਮੋਹਿਤ ਕਰਦੀ ਹੈ। ਸੂਰਜਪੁਰ ਤੇ ਨੈਣਾਂ ਸਥਾਨਾਂ ਤੋਂ ਕਦੇ ਦੋ ਨਦੀਆਂ ਆਉਂਦੀਆਂ ਹੁੰਦੀਆਂ ਸਨ ਤੇ ਆਪਸ ਵਿੱਚ ਮਿਲ ਕੇ ਸੁਖਨਾ ਨਦੀ ਬਣ ਜਾਂਦੀਆਂ ਸਨ। ਭਾਰਤ ਦੀ ਆਜ਼ਾਦੀ ਪਿੱਛੋਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦਾ ਨਾਮ ਚੰਡੀਮੰਦਰ ਤੋਂ ਪਿਆ। ਇਹ ਵੀ ਸੁਣਨ 'ਚ ਆਇਆ ਕਿ ਪਹਿਲਾਂ ਇਸ ਦਾ ਨਾਮ ਲਾਲਾ ਲਾਜਪਤ ਰਾਏ ਨਗਰ ਰੱਖਣ ਦੀ ਸਲਾਹ ਵੀ ਸੀ। ਫਰਾਂਸ ਦੇ ਆਰਕੀਟੈਕਟ ਲੀ-ਕਾਰਬੂਜ਼ੀਅਰ ਨੂੰ ਇਸ ਸ਼ਹਿਰ ਦਾ ਮਾਸਟਰ-ਪਲੈਨ ਦੀ ਜ਼ਿੰਮੇਵਾਰੀ ਸੌਂਪੀ ਗਈ। ਉਸ ਨੇ ਸ਼ਿਵਾਲਿਕ-ਪਹਾੜੀਆਂ ਦੀ ਪ੍ਰਾਕਿਰਤਕ ਸੁੰਦਰਤਾ ਨੂੰ ਕਾਇਮ ਰੱਖਣ ਲਈ ਤੇ ਸੈਲਾਨੀਆਂ ਦੇ ਮਨੋ-ਰੰਜਨ ਲਈ ਸੁਖਨਾ ਝੀਲ ਨੂੰ ਮਾਸਟਰ-ਪਲਾਨ ਦਾ ਮਹੱਤਵਪੂਰਨ ਹਿੱਸਾ ਬਣਾਇਆ ਜਿਸ ਕਾਰਨ ਹੀ ਪਦਮ ਸ਼੍ਰੀ ਨੇਕ ਚੰਦ ਲਈ ਰਾਕ-ਗਾਰਡਨ ਤੇ ਸੁਖਨਾ ਝੀਲ ਦੀ ਸਾਂਝ ਏਨੀ ਇਕ-ਮਿਕ ਹੋ ਗਈ ਹੈ ਜਿਵੇਂ ਇਹ ਚੰਡੀਗੜ੍ਹ ਸ਼ਹਿਰ ਦੀ ਰੂਹ ਹੋਣ। ਸਵੇਰੇ ਤੇ ਸ਼ਾਮੀਂ ਚੰਡੀਗੜ੍ਹ ਵਾਸੀ ਸੈਰ ਦਾ ਅਨੰਦ ਮਾਣਦੇ ਹਨ।




ਸੁਖਨਾ ਝੀਲ

ਵਿਸ਼ੇਸ਼ ਸਮਾਗਮਾਂ 'ਤੇ ਝੀਲ ਕਿਨਾਰੇ ਰੌਣਕਾਂ ਲਗਦੀਆਂ ਹਨ। ਨੇੜੇ ਹੀ ਗੋਲਫ਼ ਕਲੱਬ ਦੇ ਸ਼ਾਹੀ ਜਲੌਅ ਵੇਖਣ ਯੋਗ ਹਨ। ਨਾਲ ਹੀ ਪੰਜਾਬ ਗਵਰਨਰ ਹਾਊਸ ਸਸ਼ੋਭਤ ਹੈ ਜਿਹੜਾ ਕਈ ਏਕੜ ਜ਼ਮੀਨ ਉੱਤੇ ਉਸਾਰਿਆ ਗਿਆ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ 1952 ਤੋਂ ਪਹਿਲਾਂ ਇਸ ਸਾਰੇ ਖੇਤਰ ਤੇ ਘੁੱਗ ਵਸਦਾ ਪਿੰਡ ਰਾਮਨਗਰ (ਭੰਗੀਮਾਜਰਾ) ਹੁੰਦਾ ਸੀ ਜਿਸ ਨੂੰ ਲਗਪਗ 250 ਸਾਲ ਪਹਿਲਾਂ ਬਜ਼ੁਰਗ ਖੜਕ ਸਿੰਘ ਨੇ ਵਸਾਇਆ ਸੀ। ਉਦੋਂ 20/22 ਘਰ ਸਨ, ਗੋਤੀ ਸਨ ਛੜਾਨ ਜ਼ਿਮੀਦਾਰ। ਬਾਅਦ 'ਚ ਇੱਕ ਘਰ ਤਰਖਾਣਾਂ ਦਾ, ਇੱਕ ਘਰ ਲੁਬਾਣਿਆਂ ਦਾ ਅਤੇ ਇੱਕ ਘਰ ਕਹਾਰਾਂ ਦਾ ਵਸਾਇਆ ਗਿਆ।


*ਝੀਲ ਲੋਕਾਂ ਲਈ ਅਰਪਿਤ*


ਇਸ ਵੇਲੇ ਸੁਖਨਾ ਝੀਲ 'ਤੇ ਬਿਲਕੁਲ ਕੰਢੇ ਉੱਤੇ ਇੱਕ ਪੁਰਾਣਾ ਪਿੱਪਲ ਆਪਣੀ ਕਹਾਣੀ ਸਾਂਭੀ ਖੜੋਤਾ ਹੈ ਜਿਸ ਦੇ ਟਾਹਣ ਅਤੇ ਤਣਾ ਇਸ ਦੀ ਉਮਰ ਸੌ ਕੁ ਸਾਲ ਦੀ ਦੱਸਦੇ ਜਾਪਦੇ ਹਨ। ਕਿੰਨੇ ਹੀ ਸੈਲਾਨੀ ਇਸ ਨੂੰ ਤੱਕਦੇ ਹਨ, ਚਬੂਤਰੇ ਤੇ ਬੈਠ ਕੇ ਦਮ ਭਰਦੇ ਤੇ ਛਾਂ ਮਾਣਦੇ ਹਨ। ਕਈ ਪ੍ਰੇਮੀ-ਪ੍ਰੇਮਕਾ ਆਪਣੇ ਨਾਮ ਇਸ ਦੇ ਤਣੇ ਉੱਤੇ ਖੁਣਦੇ ਹਨ ਪਰੰਤੂ ਇਹ ਪਿੱਪਲ (ਬ੍ਰਹਮਾ) ਅਡੋਲ ਹੈ ਤੇ ਖ਼ਾਮੋਸ਼ ਹੈ। ਹਨੇਰੀਆਂ ਆਈਆਂ, ਝੱਖੜ ਝੁਲੇ, ਡੋਬਾ-ਸੋਕਾ, ਗਰਮੀ-ਸਰਦੀ ਹੋਰ ਪਤਾ ਨਹੀਂ ਕੀ-ਕੀ ਵਾਪਰਿਆ ਪਰੰਤੂ ਇਹ ਪਿੱਪਲ ਉਸ ਮਨੁੱਖ ਦੀ ਯਾਦ ਸਾਂਭੀ ਹਾਜ਼ਰ ਹੈ ਜਿਸ ਨੇ ਇਸ ਨੂੰ ਲਾਇਆ ਸੀ। ਉਹ ਸੀ ਪਿੰਡ ਰਾਮਨਗਰ (ਭੰਗੀਮਾਜਰਾ) ਦਾ ਗਿਆਨ ਸਿੰਘ (ਗਿਆਨਾ) ਵਲਦ ਨੰਦ ਸਿੰਘ (ਨੰਦਾ) ਇੱਕ ਆਮ ਜ਼ਿਮੀਦਾਰ। ਗਿਆਨ ਸਿੰਘ ਇੱਕ ਮੋਹਵੰਤਾ, ਸਾਊ, ਲੰਮਾ-ਲੰਝਾ ਤੇ ਨਿਮਰ-ਸੁਭਾਅ ਦਾ ਮਾਲਕ ਸੀ ਜਦੋਂ ਕਿ ਉਸ ਦਾ ਪਿਤਾ ਅੱਖੜ ਸੁਭਾਅ ਵਾਲਾ ਜਾਣਿਆ ਜਾਂਦਾ ਸੀ । ਗਿਆਨ ਸਿੰਘ ਭਾਰਤੀ ਫੌਜ ਵਿੱਚ ਭਰਤੀ ਹੋ ਗਿਆ। ਕੁਦਰਤ ਦੀ ਕਰੋਪੀ ਉਸ ਨੂੰ ਘਾਤਕ ਬਿਮਾਰੀ ਟੀ.ਬੀ. ਹੋ ਗਈ ਤੇ ਫੌਜ 'ਚੋਂ ਬਿਨਾਂ ਪੈਨਸ਼ਨ ਦਿੱਤਿਆਂ ਕੱਢ ਦਿੱਤਾ। ਉਸ ਦੀ ਘਰ ਵਾਲੀ ਪਿੰਡ ਗੁਰਦਾਸਪੁਰ ਤੋਂ ਸੀ। ਜਿਸ ਨੂੰ ਕਈ ਮੁਸੀਬਤਾਂ ਨੇ ਘੇਰ ਲਿਆ ਤੇ ਕੋਈ ਬੱਚਾ ਵੀ ਪੈਦਾ ਨਾ ਹੋਇਆ। ਦੱਸਦੇ ਹਨ ਕਿ ਇਹ ਔਰਤ ਬਹੁਤ ਹੀ ਸੁਸ਼ੀਲ ਸੁਭਾਅ ਦੀ ਸੀ। ਗਿਆਨ ਸਿੰਘ ਦੀ ਆਤਮਾ 'ਚੋਂ ਪਿੱਪਲ


*ਸਰਬਣ ਸਿੰਘ*

ਦਾ ਰੁੱਖ ਲਾਉਣ ਦਾ ਫੁਰਨਾ ਉਪਜਿਆ। "ਚਲੋ, ਜੇ ਪ੍ਰਮਾਤਮਾ ਨੇ ਸੰਤਾਨ ਨਹੀਂ ਦਿੱਤੀ ਤਾਂ ਪਿੰਡ ਦੀ ਸ਼ਾਮਲਾਟ ਜ਼ਮੀਨ 'ਤੇ ਇੱਕ ਰੁੱਖ (ਪਿੱਪਲ) ਹੀ ਆਪਣੀ ਨਿਸ਼ਾਨੀ (ਔਲਾਦ) ਵੱਜੋਂ ਲਾ ਦੇਵਾਂ। " ਇਸ ਸ਼ਾਮਲਾਟ ਜ਼ਮੀਨ ਨੂੰ ਪਸ਼ੂਆਂ ਦੀ ਚਰਾਂਦ ਵੀ ਕਿਹਾ ਜਾਂਦਾ ਸੀ ਤੇ ਕਿਸਾਨ ਆਪਣੀ ਫ਼ਸਲ ਲਈ ਖਲਵਾੜੇ ਵੱਜੋਂ ਵੀ ਵਰਤ ਲੈਂਦੇ ਸਨ। ਰੱਬ ਦਾ ਭਾਣਾ, ਕੁਝ ਸਾਲਾਂ ਬਾਅਦ ਗਿਆਨ ਸਿੰਘ ਦਾ ਦਿਹਾਂਤ ਹੋ ਗਿਆ। ਪੁੱਤਰ ਦੀ ਨਿਸ਼ਾਨੀ ਨੂੰ ਹਰਾ-ਭਰਾ ਰੱਖਣ ਲਈ ਉਸ ਦੇ ਪਿਤਾ (ਨੰਦ ਸਿੰਘ) ਨੇ ਇਸ ਪਿੱਪਲ ਦੀ ਸਾਂਭ- ਸੰਭਾਲ ਕੀਤੀ। ਪਾਣੀ ਪਾਉਂਦਾ ਰਿਹਾ ਤੇ ਪਿੱਪਲ ਵਧਦਾ-ਫੁੱਲਦਾ ਰਿਹਾ।

ਚੰਡੀਗੜ੍ਹ ਦੇ ਪਹਿਲੇ (1952) ਉਠਾਲੇ ਸਮੇਂ ਪਿੰਡ ਰਾਮਨਗਰ ਢਹਿ-ਢੇਰੀ ਕਰ ਦਿੱਤਾ ਗਿਆ ਤੇ ਸੁਖਨਾ ਝੀਲ ਦੀ ਉਸਾਰੀ ਦੀ ਯੋਜਨਾ ਜੰਗੀ-ਪੱਧਰ 'ਤੇ ਆਰੰਭ ਹੋ ਗਈ। ਪਿੰਡ ਦੇ ਬਹੁਤ ਸਾਰੇ ਰੁੱਖ ਪੁੱਟੇ ਗਏ। ਝੀਲ ਕੰਢੇ ਇਸ ਪਿੱਪਲ ਦੀ ਵਾਰੀ ਵੀ ਆਉਣੀ ਸੀ ਪਰੰਤੂ ਚੰਗੀ ਕਿਸਮਤ ਨੂੰ ਇਸ ਯੋਜਨਾ 'ਤੇ ਕੰਮ ਕਰਦੇ ਸ. ਕੁਲਵੰਤ ਸਿੰਘ ਪਿੰਡ-ਅੱਲਾਪੁਰ (ਉਦੋਂ ਜ਼ਿਲ੍ਹਾ ਰੋਪੜ) ਨੂੰ ਇਸ ਪਿੱਪਲ ਦੀ ਕਹਾਣੀ ਦਾ ਪਤਾ ਸੀ। ਉਹ ਪਿੰਡ ਰਾਮਨਗਰ (ਭੰਗੀਮਾਜਰਾ) ਦੇ ਬਜ਼ੁਰਗ ਦਲੇਲ ਸਿੰਘ ਦਾ ਦੋਹਤਰਾ ਸੀ। ਉਸ ਨੇ ਝੀਲ ਦੇ ਨਕਸ਼ੇ ਦੀ ਵਿਊਂਤ ਨੂੰ ਇੰਜ ਮੋੜਾ ਦਿੱਤਾ ਕਿ ਇਹ ਪਿੱਪਲ ਕਿਵੇਂ ਨਾ ਕਿਵੇਂ ਬਚਾਇਆ ਜਾ ਸਕੇ। ਆਖ਼ਰ ਪਿੱਪਲ ਨੂੰ ਪੁੱਟਣ ਤੋਂ ਬਚਾ ਹੋ ਗਿਆ ਤੇ ਝੀਲ ਦੇ ਪਾਣੀ ਨਾਲ ਇਸ ਦਾ ਵੱਡ-ਅਕਾਰੀ ਸਰੂਪ ਸੋਹੰਦਾ ਬਣ ਗਿਆ। ਇਸ ਤੋਂ ਹੋਰ ਅੱਗੇ ਇਸ ਪਿੱਪਲ ਨੂੰ ਵਿਰਸੇ, ਵਿਰਾਸਤ ਤੇ ਇਤਿਹਾਸਕ-ਨਿਸ਼ਾਨੀ ਵੱਜੋਂ ਮਹੱਤਤਾ ਦੇਣ ਲਈ ਸ੍ਰੀ ਸਰਵਨ ਸਿੰਘ ਪੁੱਤਰ ਸ. ਲਛਮਣ ਸਿੰਘ ਸੂਬੇਦਾਰ-ਨੰਬਰਦਾਰ-ਰਾਮਨਗਰ (ਭੰਗੀਮਾਜਰਾ) ਨੇ ਨਿੱਜੀ ਉੱਦਮ ਕਰ ਕੇ ਤੱਤਕਾਲੀਨ ਏ. ਡੀ. ਸੀ. ਗਵਰਨਰ ਪੰਜਾਬ ਚੰਡੀਗੜ੍ਹ ਨੂੰ ਮਿਤੀ 16-4-1983 ਨੂੰ (ਜੋਰਹੱਟ ਆਸਾਮ) ਅੰਗਰੇਜ਼ੀ 'ਚ ਪੱਤਰ ਲਿਖ ਕੇ, ਇਸ ਪਿੱਪਲ ਦੀ ਪਵਿੱਤਰ ਆਤਮ-ਕਥਾ ਪੇਸ਼ ਕੀਤੀ ਤਾਂ ਜੋ ਯਾਦਗਾਰ ਵੱਜੋਂ ਇਸ ਪਿੱਪਲ ਦੀ ਪੂਰੀ ਦੇਖ-ਰੇਖ ਕੀਤੀ ਜਾਵੇ, ਉਦੋਂ ਇਸ ਪਿੱਪਲ ਦੀ ਉਚਾਈ ਲਗਪਗ 15-16 ਫੁੱਟ ਅਤੇ ਤਣੇ ਦਾ ਘੇਰਾ 6 ਫੁੱਟ ਦੇ ਕਰੀਬ ਸੀ। ਇਸ ਸਾਰੀ ਗਾਥਾ ਦਾ ਸਬੂਤ ਲਿਖਤੀ-ਪੱਤਰ ਦੀ ਕਾਪੀ ਵੱਜੋਂ ਮੈਨੂੰ ਸ. ਸਰਵਣ ਸਿੰਘ ਜੋ ਇਸ ਬਿਰਧ ਅਵਸਥਾ ਵਿੱਚ ਮਾਡਲ-ਟਾਊਨ ਸੰਨੀ ਐਨਕਲੇਵ ਦੇਸੂ ਮਾਜਰਾ-ਛੱਜੂ ਮਾਜਰਾ ਵਿੱਚ ਰਹਿੰਦੇ ਹਨ, ਨੇ ਮਿਤੀ ਤਿੰਨ ਫਰਵਰੀ, 2016 ਨੂੰ ਦਿੱਤਾ। ਕਿੰਨਾ ਚੰਗਾ ਹੋਵੇ ਜੇ ਕੇਂਦਰੀ-ਪ੍ਰਸਾਸ਼ਨ ਚੰਡੀਗੜ੍ਹ ਇਸ ਪਿੱਪਲ ਦੀ ਆਤਮ-ਕਥਾ ਬੋਰਡ ਉੱਤੇ ਲਿਖਵਾ ਕੇ ਦਰਸ਼ਕਾਂ ਨੂੰ ਰੁੱਖਾਂ ਦੀ ਸੰਭਾਲ ਦਾ ਅਮਲੀ ਨਮੂਨਾ ਪੇਸ਼ ਕਰਨ ਦੀ ਮਿਸਾਲ ਪੈਦਾ ਕਰੇ। ਧੰਨ ਸੀ ਉਹ ਪੁਰਖ ਜੋ ਰੁੱਖਾਂ ਨੂੰ ਪੁੱਤਾਂ ਵਾਂਗ ਪਾਲਦੇ ਸਨ।

# 4. ਸੈਣੀਮਾਜਰਾ ਦੀ ਗਾਥਾ



*ਰੈਲੀ ਗਰਾਊਂਡ ਸੈਕਟਰ 25*

ਚੰਡੀਗੜ੍ਹ ਵਸਾਉਣ ਲਈ ਪਹਿਲੇ ਉਠਾਲੇ ਸਮੇਂ 1952 ਵਿੱਚ ਪੁਆਧ ਦੇ ਪਿੰਡ ਸੈਣੀਮਾਜਰਾ ਨੂੰ ਹੋਂਦ ਗੁਆਉਣੀ ਪਈ। ਇਸ ਪਿੰਡ ਦੀ ਜ਼ਮੀਨ 'ਤੇ ਚੰਡੀਗੜ੍ਹ ਦੇ ਸੈਕਟਰ-25 ਦਾ ਨਕਸ਼ਾ ਉਲੀਕਿਆ ਗਿਆ ਜਿੱਥੇ ਸ਼ਮਸ਼ਾਨ ਭੂਮੀ ਅਤੇ ਪੰਜਾਬ ਯੂਨੀਵਰਸਿਟੀ ਦੇ ਰਿਹਾਇਸ਼ੀ ਮਕਾਨ ਤੇ ਹੋਰ ਅਦਾਰੇ ਬਣੇ ਦਿਖਦੇ ਹਨ। ਕਦੇ ਇਸ ਪਿੰਡ ਦਾ ਨਾਂ ਗਿਲੜ੍ਹਾਂ ਵਾਲਾ ਸੈਣੀਮਾਜਰਾ ਪਿਆ ਅਤੇ ਕਦੇ ਬੋਦੀਮਾਜਰਾ। ਬਜ਼ੁਰਗ ਦੱਸਦੇ ਹਨ ਕਿ ਇਸ ਪਿੰਡ ਦੇ ਵਧਾਵਾ ਰਾਮ ਸੈਣੀ ਦੀ ਬੋਦੀ ਬਹੁਤ ਲੰਮੀ ਸੀ। ਕੱਦ ਸਾਡੇ ਛੇ ਫੁੱਟ ਤੇ ਉਸ ਦੀ ਆਵਾਜ਼ ਦੋ ਮੀਲ ਤੱਕ ਸੁਣੀ ਜਾਂਦੀ ਸੀ। ਉਸ ਦੀ ਵੱਖਰੀ ਸ਼ਖਸੀਅਤ ਕਰਕੇ ਇਸ ਪਿੰਡ ਨੂੰ ਬੋਦੀਮਾਜਰਾ ਕਰਕੇ ਵੀ ਯਾਦ ਕੀਤਾ ਜਾਂਦਾ।

ਇਸ ਪਿੰਡ ਵਿੱਚ 25 ਘਰ ਸੈਣੀਆਂ ਦੇ ਹੁੰਦੇ ਸਨ ਜਿਨ੍ਹਾਂ ਦੇ ਗੋਤ ਮਹਿੰਦਵਾਨ, ਗਿਰਨ ਤੇ ਕਾਬਲਵਾਲ ਸਨ। ਇੱਥੇ ਕੁਝ ਪਰਿਵਾਰ ਨਗਲੀਆ-ਖਿਜ਼ਰਾਬਾਦ ਤੋਂ ਆ ਕੇ ਵੀ ਵਸੇ ਸਨ। ਘਰ ਕੱਚੇ ਸਨ ਤੇ ਛੱਪਰ ਪਾਏ ਹੁੰਦੇ ਸਨ। ਇਸ ਪਿੰਡ ਦੇ ਦੱਖਣ-ਪੱਛਮ ਵੱਲ ਸੰਘਣੇ ਦਰੱਖ਼ਤ ਸਨ। ਇਸ ਤੋਂ ਲੱਗਦਾ ਸੀ ਜਿਵੇਂ ਇਹ ਜੰਗਲੀ ਖ਼ੇਤਰ ਹੋਵੇ। ਪਿੰਡ ਵਿੱਚ ਅੰਬ, ਜਾਮਣ ਤੇ ਜਮੋਏ ਬਹੁਤ ਸਨ। ਛੱਪੜ ਦੇ ਕੰਢੇ ਪਿੱਪਲ ਤੇ ਬੋਹੜ ਹੁੰਦੇ ਸਨ ਜਿਨ੍ਹਾਂ ਦੀ ਛਾਵੇਂ ਲੋਕ ਤਾਸ਼ ਖੇਡਦੇ। ਘਰਾਂ ਅੱਗੇ ਲੱਕੜ ਦੀਆਂ ਪੌੜੀਆਂ ਲੱਗੀਆਂ ਹੁੰਦੀਆਂ ਸਨ। ਗਲੀਆਂ ਅਤੇ ਨਾਲੀਆਂ ਕੱਚੀਆਂ ਹੁੰਦੀਆਂ ਸਨ। ਪਿੰਡ ਵਿੱਚ ਦੋ ਹਲਟ ਸਨ। ਮਾਰੂ ਖੇਤੀ ਹੀ ਹੁੰਦੀ ਸੀ। ਕਣਕ, ਮੱਕੀ ਤੇ ਧਾਨ ਦੀਆਂ ਫ਼ਸਲਾਂ ਤੋਂ ਬਿਨਾਂ ਦੇਸੀ ਕਿਸਮ ਦਾ ਗੰਨਾ (ਕਮਾਦ) ਜਿਵੇਂ ਚਣ, ਮਸੀਂਗਣ, ਬੋਲੂ ਤੇ ਬਾਂਸਾਂ ਦੀਆਂ ਕਿਸਮਾਂ ਵਾਲਾ ਹੁੰਦਾ ਸੀ। ਸਰਦੀਆਂ ਵਿੱਚ ਘੁਲਾੜੀਆਂ ਚੱਲਦੀਆਂ ਸਨ। ਗੁੜ, ਦੇਸੀ ਖੰਡ ਤੇ ਸ਼ੱਕਰ ਮਣਾਂ-ਮੂਹੀਂ ਹੁੰਦੀ। ਰੌਣਕੀ ਰਾਮ ਲੁਹਾਰ ਦੀ ਭੱਠੀ ਹੁੰਦੀ ਸੀ ਜਿੱਥੇ ਜ਼ਿਮੀਂਦਾਰ ਸੰਦ ਤੇ


*ਇੰਜ. ਗੁਰਨਾਮ ਸਿੰਘ ਡੇਰਾਬੱਸੀ*

ਹੋਰ ਚੀਜ਼ਾਂ ਬਣਵਾਉਂਦੇ ਸਨ। ਭੱਜੂ (ਭਜਨ ਸਿੰਘ) ਪਿੰਡ ਦਾ ਹਕੀਮ ਹੁੰਦਾ ਸੀ। ਇੰਦਰ ਤਰਖਾਣ ਤੇ ਕਾਬਲ ਲੱਕੜ ਦੇ ਸੰਦ ਬਣਾਉਣ ਵਿੱਚ ਮਾਹਿਰ ਸਨ।

ਪਿੰਡ ਦੇ ਬੱਚੇ ਜ਼ਿਆਦਾਤਰ ਗੁੱਲੀ-ਡੰਡਾ ਖੇਡਦੇ ਸਨ। ਪਹਿਲਵਾਨਾਂ ਦੇ ਦੰਗਲ ਲਈ ਛਿੰਝ ਪੈਂਦੀ ਸੀ ਤੇ ਪਿੰਡ ਦੇ ਗੱਭਰੂ ਜ਼ੋਰ-ਅਜ਼ਮਾਈ ਕਰਕੇ ਸਰੀਰ ਪਾਲਦੇ ਸਨ। ਇਸ ਪਿੰਡ ਦੇ ਨਾਮਣਾ ਖੱਟਣ ਵਾਲੇ ਇੰਜੀਨੀਅਰ ਗੁਰਨਾਮ ਸਿੰਘ ਡੇਰਾਬਸੀ ਆਪਣੀ ਸਵੈ-ਜੀਵਨੀ 'ਮੇਰੀਆਂ ਪੈੜਾਂ ਮੇਰਾ ਸਫ਼ਰ' (1997) ਵਿੱਚ ਆਪਣੇ ਪਿੰਡ ਦੇ ਵਿਗੋਚੇ ਬਾਰੇ ਲਿਖਦੇ ਹਨ ਕਿ ਉਨ੍ਹਾਂ ਦੇ ਪਿਤਾ ਅਰਜਨ ਸਿੰਘ ਬੀਕਾਨੇਰ ਤੋਂ ਊਠ ਤੇ ਘੋੜੇ ਲਿਆ ਕੇ ਵੇਚਦੇ ਹੁੰਦੇ ਸਨ ਅਤੇ ਨਾਰਨੌਲ ਤੇ ਹਿਸਾਰ ਤੋਂ ਚੰਗੀ ਨਸਲ ਦੇ ਬਲਦਾਂ ਦਾ ਵਪਾਰ ਵੀ ਕਰਦੇ ਹੁੰਦੇ ਸਨ। ਕਿਦਾਰਨਾਥ ਨਾਈ ਮੁੱਲਾਂਪੁਰ ਗਰੀਬਦਾਸ ਪਿੰਡ ਤੋਂ ਆ ਕੇ ਵਿਆਹ-ਸ਼ਾਦੀ ਦੇ ਕਾਰਜ ਨਿਭਾਉਂਦਾ ਸੀ। ਪਿੰਡ ਵਿੱਚ ਕੋਈ ਸਕੂਲ ਨਹੀਂ ਸੀ ਜਿਸ ਕਾਰਨ ਬੱਚਿਆਂ ਨੂੰ ਦੂਰ ਦੇ ਸਕੂਲਾਂ ਵਿੱਚ ਪੜ੍ਹਨ ਲਈ ਜਾਣਾ ਪੈਂਦਾ ਸੀ। ਆਟਾ ਪਿਸਾਉਣ ਲਈ ਮਨੀਮਾਜਰਾ ਗੱਡੇ ਜੋੜ ਕੇ ਜਾਣਾ ਪੈਂਦਾ ਸੀ ਤੇ ਕਈ ਵਾਰ ਰਾਤ ਵੀ ਉੱਥੇ ਹੀ ਕੱਟਣੀ ਪੈਂਦੀ ਸੀ। ਪਿੰਡ ਵਿੱਚ ਗੁਰਦੁਆਰਾ ਨਹੀਂ ਸੀ ਤੇ ਪਿੰਡ ਡੱਡੂਮਾਜਰਾ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆਉਂਦੇ ਸਨ। ਨੇੜਲੇ ਪਿੰਡ ਕੈਲੜ ਦੇ ਗ੍ਰੰਥੀ ਭਾਈ ਤੇਜਾ ਸਿੰਘ ਨੂੰ ਪਾਠ ਕਰਨ ਲਈ ਬੁਲਾਇਆ ਜਾਂਦਾ ਸੀ। ਸੂਬੇਦਾਰ ਦੁਨੀ ਸਿੰਘ ਧਾਰਮਿਕ ਸਮਾਗਮਾਂ ਦੀ ਸੇਵਾ ਕਰਵਾਇਆ ਕਰਦੇ ਸਨ।


ਇਸ ਪਿੰਡ ਦੇ ਨੇੜੇ ਪੱਛਮ ਵੱਲ ਨਦੀ ਹੁੰਦੀ ਸੀ ਤੇ ਦੂਜੇ ਪਾਸੇ ਪਿੰਡ ਧਨਾਸ, ਜੋ ਹੁਣ ਵੀ ਕਾਇਮ ਹੈ। ਖ਼ਰਗੋਸ਼ ਤੇ ਹਿਰਨ ਬਹੁਤ ਹੁੰਦੇ ਸਨ। ਖ਼ਰਗੋਸ਼ ਦਾ ਸ਼ਿਕਾਰ ਕਰਨ ਲਈ ਪਿੰਡ ਦੇ ਨੌਜਵਾਨ ਜੇਠ-ਹਾੜ ਦੇ ਮਹੀਨੇ ਖੇਤ ਅਤੇ ਜੰਗਲ ਗਾਹ ਮਾਰਦੇ। ਪਸ਼ੂਆਂ ਲਈ ਖੁੱਲ੍ਹੀਆਂ ਚਰਾਂਦਾਂ ਸਨ ਅਤੇ ਦੁੱਧ, ਦਹੀਂ, ਲੱਸੀ ਤੇ ਮੱਖਣ ਵੀ ਖੁੱਲ੍ਹਾ ਹੁੰਦਾ ਸੀ। ਘੋਲ, ਕਬੱਡੀ, ਰੱਸਾਕਸ਼ੀ, ਫਿੰਡ-ਖੂੰਡੀ ਆਦਿ ਲੋਕ-ਖੇਡਾਂ ਪ੍ਰਚੱਲਤ ਸਨ। ਜਦੋਂ ਇਸ ਪਿੰਡ ਨੂੰ ਉਜਾੜੇ ਦਾ ਸੰਤਾਪ ਝੱਲਣਾ ਪਿਆ ਉਦੋਂ ਪੰਜਾਬ ਦਾ ਮੁੱਖ ਮੰਤਰੀ ਗੋਪੀ ਚੰਦ ਭਾਰਗੋ, ਇੰਜੀਨੀਅਰ ਸ੍ਰੀ ਵਰਮਾ, ਤਹਿਸੀਲਦਾਰ ਸ੍ਰੀ ਮਲਿਕ ਤੇ ਮੰਤਰੀ ਪਿਰਥੀ ਸਿੰਘ ਆਜ਼ਾਦ ਸਨ। ਲੋਕਾਂ ਨੇ ਮੁਜ਼ਾਹਰੇ ਕੀਤੇ ਅਤੇ ਆਪਣੇ ਹੱਕਾਂ ਲਈ ਜੇਲ੍ਹ ਗਏ। ਉੱਜੜੇ ਲੋਕਾਂ ਨੂੰ ਜ਼ਮੀਨਾਂ ਤੇ ਘਰਾਂ ਬਦਲੇ ਖੁੱਲ੍ਹੇ ਦਿਲ ਨਾਲ ਜ਼ਮੀਨਾਂ ਤੇ ਘਰ ਨਹੀਂ ਦਿੱਤੇ ਗਏ।

ਇਸ ਪਿੰਡ ਦੇ ਪ੍ਰਮੁੱਖ ਵਿਅਕਤੀਆਂ ਵਿੱਚ ਗੁਰਦਰਸ਼ਨ ਸਿੰਘ, ਵਰਿਆਮ ਸਿੰਘ ਫ਼ੌਜੀ, ਮਹਿਮਾ ਸਿੰਘ, ਈਸ਼ਰ ਸਿੰਘ, ਰਾਜਾ ਰਾਮ, ਦੀਦਾਰ ਸਿੰਘ, ਮੋਤੀ ਸਿੰਘ, ਪੂਰਨ ਸਿੰਘ, ਗੁਰਬਖਸ਼ ਸਿੰਘ ਤੇ ਪ੍ਰੀਤਮ ਸਿੰਘ (ਰਾਮਦਾਸੀਆ) ਦੇ ਨਾਂ ਆਉਂਦੇ ਹਨ। ਇਸ ਪਿੰਡ ਦੀ ਦੂਰੋਂ ਪਛਾਣ ਇੱਕ ਖਜੂਰ ਕਾਰਨ ਵੀ ਸੀ ਜੋ ਕਰੀਬ ਸੌ ਫੁੱਟ ਉੱਚੀ ਸੀ ਤੇ ਪੰਜ ਸੌ ਸਾਲ

ਪੁਰਾਣੀ ਦੱਸੀ ਜਾਂਦੀ ਸੀ।

ਇਸ ਪਿੰਡ ਵਿੱਚ ਸੈਣੀ ਜਾਤੀ ਦੇ ਘਰ ਵੱਧ ਹੋਣ ਕਾਰਨ ਬਜ਼ੁਰਗਾਂ ਨੇ ਪਿੰਡ ਦਾ ਨਾਮ ਹੀ ਸੈਣੀਮਾਜਰਾ ਰੱਖ ਦਿੱਤਾ ਸੀ। ਪਿੰਡ ਦੇ ਮੋਹਤਬਰ ਸੂਬੇਦਾਰ ਬਚਨ ਸਿੰਘ ਤੇ ਕੁਝ ਸੈਣੀ ਪਰਿਵਾਰ ਉੱਥੋਂ ਉੱਠ ਕੇ ਪਿੰਡ ਮਨੌਲੀ ਜਾ ਕੇ ਪਿੰਡ ਸੈਣੀਮਾਜਰਾ ਨਾਮ ਰੱਖ ਕੇ ਵਸ ਗਏ। ਇੰਜੀਨੀਅਰ ਗੁਰਨਾਮ ਸਿੰਘ ਤੇ ਹੋਰ ਪਰਿਵਾਰ ਡੇਰਾਬਸੀ, ਡੱਡੂਮਾਜਰਾ, ਸਿੰਘ ਭਗਵੰਤਪੁਰ, ਸਕਰੁੱਲਾਪੁਰ, ਅਬਰਾਵਾਂ ਆਦਿ ਥਾਵਾਂ 'ਤੇ ਜਾ ਵਸੇ ਤੇ ਕਈਆਂ ਨੇ ਚੰਡੀਗੜ੍ਹ ਵਿੱਚ ਹੀ ਵਾਸਾ ਕਰ ਲਿਆ। ਇਸ ਪਿੰਡ ਦੀ ਕੋਈ ਨਿਸ਼ਾਨੀ ਯਾਦਗਾਰ ਵਜੋਂ ਨਹੀਂ ਰਹੀ। ਸੁਖਵਿੰਦਰਜੀਤ ਸਿੰਘ ਮਨੌਲੀ (ਪੰਜਾਬੀ ਟ੍ਰਿਬਿਊਨ) ਆਪਣੇ ਬਜ਼ੁਰਗਾਂ ਦੀਆਂ ਦੱਸੀਆਂ ਗੱਲਾਂ ਨੂੰ ਯਾਦ ਕਰ ਕੇ ਸੈਣੀਮਾਜਰਾ ਦੇ ਪਿਛੋਕੜ ਬਾਰੇ ਚੰਗੀ ਜਾਣਕਾਰੀ ਰੱਖਦਾ ਹੈ।

# 5. ਕਾਂਜੀਮਾਜਰਾ ਜਿੱਥੇ ਬਣੀ ਪੰਜਾਬ ਯੂਨੀਵਰਸਿਟੀ



*ਗਾਂਧੀ ਭਵਨ* *ਸਟੂਡੈਂਟ ਸੈਂਟਰ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ*

ਪਿੰਡ ਕਾਂਜੀਮਾਜਰਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਾਲੀ ਥਾਂ 'ਤੇ ਹੁੰਦਾ ਸੀ। ਕਾਂਜੀਮਾਜਰਾ ਤੋਂ ਤੰਗੌਰੀ ਵਸੇ ਬਜ਼ੁਰਗ ਪ੍ਰੀਤਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਵਿੱਚ ਪ੍ਰਾਇਮਰੀ ਸਕੂਲ ਵੀ ਨਹੀਂ ਹੁੰਦਾ ਸੀ ਉਹ ਪੜ੍ਹਨਾ ਚਾਹੁੰਦਾ ਸੀ ਪਰੰਤੂ ਡੰਗਰ ਹੀ ਚਾਰਨੇ ਪਏ ਤੇ ਹੁਣ ਉਸ ਜਗ੍ਹਾ 'ਤੇ ਸੈਕਟਰ 14 ਵਿੱਚ ਪੰਜਾਬ ਯੂਨੀਵਰਸਿਟੀ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਪਿੰਡ ਛੱਡਣਾ ਬੜਾ ਔਖਾ ਲੱਗਿਆ ਸੀ ਅਤੇ ਚੰਡੀਗੜ੍ਹ ਬਣਾਉਣ ਲਈ ਪਿੰਡ ਉਜਾੜ ਤਾਂ ਦਿੱਤੇ ਪਰ ਬਦਲੇ ਵਿੱਚ ਖਾਸ ਸਹੂਲਤਾਂ ਨਹੀਂ ਦਿੱਤੀਆਂ।

ਉਸ ਨੇ ਦੱਸਿਆ ਕਿ ਪਿੰਡ ਵਿੱਚ ਪ੍ਰਾਇਮਰੀ ਸਕੂਲ ਨਾ ਹੋਣ ਕਾਰਨ ਪਿੰਡ ਦੇ ਬੱਚਿਆਂ ਨੂੰ ਪੜ੍ਹਨ ਲਈ ਦੂਰ ਜਾਣਾ ਪੈਂਦਾ ਸੀ। ਪਿੰਡ ਵਿੱਚ 20 ਕੁ ਘਰ ਹੁੰਦੇ ਸਨ। ਸਾਰੇ ਘਰ ਕੱਚੇ ਹੀ ਸਨ। ਇਹ ਪਿੰਡ ਕਰੀਬ 300 ਵਿੱਘੇ ਦਾ ਮੌਜਾ ਸੀ। ਇਸ ਪਿੰਡ ਦੇ ਲੋਕਾਂ ਨੂੰ ਘਰਾਂ ਦਾ ਮੁੱਲ 50 ਰੁਪਏ ਖਣ ਦੇ ਹਿਸਾਬ ਨਾਲ ਦਿੱਤਾ ਗਿਆ। ਦੁਗਰੀ ਕੋਟਲੀ ਤੇ ਤੰਗੌਰੀ ਪਿੰਡਾਂ ਵਿੱਚ ਲੋਕਾਂ ਨੂੰ ਜ਼ਮੀਨਾਂ ਅਤੇ ਘਰ ਦਿੱਤੇ ਗਏ। ਪਿੰਡ ਵਿੱਚ ਤਿੰਨ ਖੂਹ ਹਲਟਾਂ ਵਾਲੇ ਹੁੰਦੇ ਸਨ। ਪਾਣੀ ਉੱਪਰ ਹੀ ਸੀ। ਪਿੰਡ ਵਿੱਚ ਕੋਈ ਧਰਮਸ਼ਾਲਾ ਤੇ ਖੇੜਾ ਆਦਿ ਨਹੀਂ ਸੀ। ਅੰਬਾਂ ਦੇ ਬਾਗ ਕਾਫ਼ੀ ਸਨ। ਜਾਮਣ ਤੇ ਜਮੋਏ ਦੇ ਰੁੱਖ਼ ਵੀ ਬਹੁਤ ਸਨ। ਕਈ ਘਰਾਂ ਨੇ ਬੱਕਰੀਆਂ ਰੱਖੀਆਂ ਹੁੰਦੀਆਂ ਸਨ ਅਤੇ ਪਸ਼ੂਆਂ ਦੇ ਚਰਨ ਲਈ ਖੁੱਲ੍ਹੀਆਂ ਚਰਾਂਦਾਂ ਸਨ। ਪਿੰਡ ਦਾ ਨੰਬਰਦਾਰ ਕਰਤਾਰ ਸਿੰਘ ਸੀ। ਹੋਰ ਪ੍ਰਮੁੱਖ ਵਿਅਕਤੀਆਂ ਵਿੱਚ ਕਰਤਾਰ ਸਿੰਘ, ਮੰਗੂ, ਤੁੱਲਾ ਰਾਮ, ਆਸੂ, ਪੂਰਨ, ਨਰੰਜਣ, ਨਸੀਬਾ ਤੇ ਬਾਜੀ ਜੱਟ ਆਦਿ ਦੇ ਨਾਮ ਆਉਂਦੇ ਹਨ। ਪਿੰਡ ਦੇ ਗੱਭਰੂਆਂ ਨੂੰ ਕੌਡ-ਕਬੱਡੀ ਦਾ ਬਹੁਤ ਸ਼ੌਕ ਸੀ।


ਭਾਈਚਾਰਕ ਸਾਂਝ ਕਾਰਨ ਆਪਸੀ ਮੇਲ-ਮਿਲਾਪ ਚੰਗਾ ਸੀ। ਸਾਰੇ ਇੱਕ-ਦੂਜੇ ਦੇ ਦੁੱਖ-ਸੁੱਖ ਵਿੱਚ ਖੜ੍ਹਦੇ ਸਨ।



*ਪ੍ਰੀਤਮ ਸਿੰਘ*

ਇਸ ਪਿੰਡ ਦੇ ਨਾਲ ਪਿੰਡ ਸੈਣੀਮਾਜਰਾ ਦੀ ਜ਼ਮੀਨ ਲਗਦੀ ਸੀ। ਚੰਡੀਗੜ੍ਹ ਦੇ ਵਸੇਬੇ ਹੇਠ ਇਹ ਛੋਟਾ ਜਿਹਾ ਪਿੰਡ ਮਿੱਟੀ ਹੀ ਹੋ ਗਿਆ। ਬਜ਼ੁਰਗਾਂ ਦਾ ਕਹਿਣਾ ਹੈ ਕਿ ਪੰਜਾਬ ਯੂਨੀਵਰਸਿਟੀ ਵਿੱਚ ਇਸ ਪਿੰਡ ਦੀ ਯਾਦ ਵਿੱਚ ਕਿਸੇ ਗੇਟ, ਬਲਾਕ, ਹੋਸਟਲ ਜਾਂ ਵਿਭਾਗ ਦਾ ਨਾਮ ਰੱਖਿਆ ਜਾਣਾ ਚਾਹੀਦਾ ਹੈ।

# 6. ਕਾਲੀਬੜ ਦੇ ਉਜਾੜੇ ਦੀ ਦਾਸਤਾਨ



ਗੁਰਦੁਆਰਾ ਪਾਤਸ਼ਾਹੀ 10ਵੀਂ, ਸੈਕਟਰ- 8

ਚੰਡੀਗੜ੍ਹ ਉਸਾਰਨ ਵੇਲੇ ਪੁਆਧ ਦਾ ਪਿੰਡ ਕਾਲੀਬੜ ਵੀ ਉਜਾੜੇ ਦੀ ਮਾਰ ਹੇਠ ਆਇਆ। ਕਿਸੇ ਸਮੇਂ ਪਿੰਡ ਦਿੱਤੂਪੁਰ (ਪਟਿਆਲਾ) ਤੋਂ ਤਿੰਨ ਪਰਿਵਾਰ ਪੁਆਧ ਖੇਤਰ ਵਿੱਚ ਆਏ ਅਤੇ ਉਨ੍ਹਾਂ ਨੇ ਕਾਲੀਬੜ, ਕੈਲੜ ਤੇ ਕਜਹੇੜੀ ਪਿੰਡ ਵਸਾਏ। ਕਾਲੀਬੜ ਅਤੇ ਕੈਲੜ ਚੰਡੀਗੜ੍ਹ ਵਸਾਉਣ ਵੇਲੇ 1952 ਦੇ ਉਠਾਲੇ ਵਿੱਚ ਹੋਂਦ ਗਵਾ ਬੈਠੇ ਪਰੰਤੂ ਕਜਹੇੜੀ ਬਚ ਗਿਆ ਜੋ ਹੁਣ ਯੂ.ਟੀ. ਚੰਡੀਗੜ੍ਹ ਦਾ ਪਿੰਡ ਹੈ।

ਕਾਲੀਬੜ ਘੁੱਗ ਵਸਦਾ ਵੱਡਾ ਪਿੰਡ ਸੀ ਜਿਸ ਦੀ ਜ਼ਮੀਨ 'ਤੇ ਚੰਡੀਗੜ੍ਹ ਦੇ ਸੈਕਟਰ 8,9 ਤੇ 10 ਬਣਾਏ ਗਏ। ਇਸ ਪਿੰਡ ਦੀ ਹੱਦ ਹਾਈ ਕੋਰਟ ਤੱਕ ਸੀ। ਲਗਪਗ 350 ਘਰਾਂ ਵਾਲੇ ਪਿੰਡ ਦੀ ਆਬਾਦੀ ਦੋ ਹਜ਼ਾਰ ਤੋਂ ਵੱਧ ਸੀ। ਪਿੰਡ ਵਿੱਚ ਲੋਅਰ ਮਿਡਲ ਸਕੂਲ ਹੁੰਦਾ ਸੀ। ਟਿਵਾਣਾ ਤੇ ਛੜਾਣ ਗੋਤਾਂ ਦੀਆਂ ਪੱਤੀਆਂ ਸਨ। ਪਿੰਡ ਵਿੱਚ ਸ਼ਾਨਦਾਰ ਬੈਠਕਾਂ ਵਾਲੇ ਘਰ ਹੁੰਦੇ ਸਨ। ਇੱਕ ਧਰਮਸ਼ਾਲਾ ਹੁੰਦੀ ਸੀ ਜਿਸ ਵਿੱਚ ਜ਼ੈਲਦਾਰ ਲਹਿਣਾ ਸਿੰਘ ਨੇ ਪਿੰਡ ਵਾਸੀਆਂ ਦੀ ਮਦਦ ਨਾਲ ਗੁਰਦੁਆਰੇ ਦੀ ਇਮਾਰਤ ਬਣਵਾਈ ਸੀ। ਉਸੇ ਥਾਂ 'ਤੇ ਹੁਣ ਗੁਰਦੁਆਰਾ ਪਾਤਸ਼ਾਹੀ ਦਸਵੀਂ ਸੁਸ਼ੋਭਿਤ ਹੈ। ਇਹ ਸੈਕਟਰ 8 ਵਿੱਚ ਆਉਂਦਾ ਹੈ। ਇਸ ਪਿੰਡ ਦੇ ਚਾਰੇ ਪਾਸੇ ਚਾਰ ਚਬੂਤਰੇ ਹੁੰਦੇ ਸਨ ਜਿੱਥੇ ਪਿੱਪਲ ਤੇ ਬੋਹੜ ਲਾਏ ਹੁੰਦੇ ਸਨ। ਲੋਕ-ਖੇਡਾਂ ਬੋੜਾ ਖੂਹ, ਸਤਰੰਜ, ਬਾਰਾਂ ਬੀਟੀ ਤੇ ਤਾਸ਼ ਖੇਡ ਕੇ ਲੋਕ ਮਨੋਰੰਜਨ ਕਰਦੇ ਸਨ।



ਸੂਬੇਦਾਰ ਸਾਧੂ ਸਿੰਘ ਟਿਵਾਣਾ ਦਾ ਪਰਿਵਾਰ


ਕਾਲੀਬੜ ਵਿੱਚ ਦੋ ਵੱਡੇ ਖੂਹ ਸਨ। ਪਾਣੀ ਬਹੁਤ ਡੂੰਘਾ ਹੁੰਦਾ ਸੀ। ਮੁੱਖ ਫ਼ਸਲਾਂ ਕਣਕ, ਕਪਾਹ,

ਮੱਕੀ, ਮੂੰਗਫਲੀ, ਮਾਂਹ, ਮੂੰਗੀ, ਧਾਨ, ਛੋਲੇ ਤੇ ਕਮਾਦ ਹੁੰਦੀਆਂ ਸਨ। ਜ਼ਮੀਨ ਉਪਜਾਊ ਸੀ। ਰੌਣਕ ਸਿੰਘ ਦਾ ਰੱਥ ਮਸ਼ਹੂਰ ਸੀ। ਜ਼ਿਮੀਂਦਾਰਾਂ ਦੇ 40 ਗੱਡੇ ਹੁੰਦੇ ਸਨ। ਆਟਾ ਪਿਸਾਉਣ ਲਈ ਮਨੀਮਾਜਰੇ ਘਰਾਟਾਂ 'ਤੇ ਜਾਇਆ ਜਾਂਦਾ ਸੀ ਤੇ ਮਨਸਾ ਦੇਵੀ ਦਾ ਮੇਲਾ ਵੇਖਣ ਲਈ ਲੋਕ ਗੱਡੇ ਜੋੜ ਕੇ ਜਾਂਦੇ ਸਨ। ਇਸ ਪਿੰਡ ਵਿੱਚ ਜੱਟ, ਬ੍ਰਾਹਮਣ, ਬਾਣੀਏ, ਜੁਲਾਹੇ, ਘੁਮਿਆਰ, ਕਹਾਰ, ਲੁਹਾਰ, ਤਰਖਾਣ, ਸੁਨਿਆਰ, ਪੀਂਜੇ, ਤੇਲੀ, ਰਾਈਂ, ਛੀਂਬੇ, ਬਾਲਮੀਕ ਸਮੇਤ ਕਈ ਭਾਈਚਾਰਿਆਂ ਦੇ ਲੋਕ ਸਨ ਜੋ ਇੱਕ-ਦੂਜੇ ਦੇ ਕਾਰ-ਵਿਹਾਰ ਵਿੱਚ ਭਾਈਵਾਲ ਹੁੰਦੇ ਸਨ। ਸੌਣ ਸਿੰਘ 30 ਸਾਲ ਪਿੰਡ ਦਾ ਸਰਪੰਚ ਰਿਹਾ। ਜਦੋਂ ਇਸ ਪਿੰਡ ਦਾ ਉਠਾਲਾ ਹੋਇਆ ਤਾਂ ਪਟਵਾਰੀ ਕਰਤਾ ਰਾਮ (ਕੁਰਾਲੀ ਵਾਲਾ) ਸੀ। ਚੌਕੀਦਾਰ ਮੌਲਾ ਤੇਲੀ ਹੁੰਦਾ ਸੀ। ਰਣ ਸਿੰਘ, ਉੱਤਮ ਸਿੰਘ, ਰਤਨ ਸਿੰਘ ਤੇ ਉਜਾਗਰ ਸਿੰਘ ਨੰਬਰਦਾਰ ਸਨ। ਪਿੰਡ ਵਿੱਚ ਅੰਬ, ਨਿੰਮ, ਕਿੱਕਰ, ਜਾਮਣ, ਜਮੋਏ, ਪਿੱਪਲ, ਬੋਹੜ, ਬੇਰੀ ਤੇ ਲਸੂੜਾ ਆਦਿ ਦੇ ਰੁੱਖ ਵੱਡੀ ਗਿਣਤੀ ਵਿੱਚ ਸਨ। ਰੁਲੀਆ ਪਾਧਾ ਪਿੰਡ ਦਾ ਹਕੀਮ ਹੁੰਦਾ ਸੀ। ਕਿਹਾ ਜਾਂਦਾ ਹੈ ਕਿ ਕਾਲੀਬੜ 'ਚੋਂ ਜਾਣ ਮਗਰੋਂ ਸੂਬੇਦਾਰ ਮੇਜਰ ਸਾਧੂ ਸਿੰਘ, ਸੂਬੇਦਾਰ ਦਲੀਪ ਸਿੰਘ, ਪਟਵਾਰੀ ਅਰਜਨ ਸਿੰਘ ਤੇ ਗੁਰਦਿਆਲ ਸਿੰਘ ਦੇ ਪਰਿਵਾਰ ਨੇ ਚਪੜਚਿੜੀ ਦੀ ਜ਼ਮੀਨ 'ਤੇ ਸਾਧੂਗੜ੍ਹ ਨਾਮ ਦਾ ਪਿੰਡ ਵਸਾਇਆ ਪਰ ਇਸ ਨੂੰ ਚਪੜਚਿੜੀ ਕਰ ਕੇ ਹੀ ਜਾਣਿਆ ਜਾਣ ਲੱਗਾ।

ਸੂਬੇਦਾਰ ਦਲੀਪ ਸਿੰਘ (92) ਨੇ ਪਿੰਡ ਦੇ ਉਜਾੜੇ ਨੂੰ ਅੱਖੀਂ ਦੇਖਿਆ ਹੈ। ਉਹ ਦੱਸਦੇ ਹਨ ਕਿ ਉਠਾਲੇ ਵੇਲੇ ਜ਼ਮੀਨ ਬਦਲੇ ਢੁਕਵੀਂ ਜ਼ਮੀਨ ਨਹੀਂ ਦਿੱਤੀ ਗਈ ਅਤੇ ਮਕਾਨਾਂ ਬਦਲੇ ਵੀ ਖਸਤਾ ਹਾਲ ਮਕਾਨ ਦਿੱਤੇ ਗਏ। ਸ਼ਾਮਲਾਟ ਜ਼ਮੀਨ ਵੀ ਖੁਰਦ-ਬੁਰਦ ਹੀ ਹੋ ਗਈ। ਪਿੰਡ ਵਿੱਚੋਂ ਉਠਾਏ ਗਏ ਲੋਕਾਂ ਨੂੰ ਸੁੱਘੜ, ਸੁੰਡੜਾਂ, ਮਨੀਮਾਜਰਾ, ਕੁਰਾਲੀ, ਚੁੰਨ੍ਹੀ, ਚਟੌਲੀ ਤੇ ਚਪੜਚਿੜੀ ਆਦਿ ਪਿੰਡਾਂ ਵਿੱਚ ਵੱਸਣਾ ਪਿਆ। ਇਸ ਪਿੰਡ ਦੀਆਂ ਨਾਮਵਰ ਸ਼ਖ਼ਸੀਅਤਾਂ ਵਿੱਚ ਹੈਡਮਾਸਟਰ ਪਿਰਥੀ ਸਿੰਘ ਟਿਵਾਣਾ, ਮਾਸਟਰ ਹਰਦਿਆਲ ਸਿੰਘ, ਨਰਿੰਦਰ ਸਿੰਘ, ਅਜਮੇਰ ਸਿੰਘ, ਰਣ ਸਿੰਘ, ਦੀਦਾਰ ਸਿੰਘ ਫ਼ੌਜੀ, ਸੌਣ ਸਿੰਘ, ਲਾਜਿੰਦਰ ਸਿੰਘ, ਡਾ. ਮੇਵਾ ਸਿੰਘ, ਊਧਮ ਸਿੰਘ, ਗੁਰਮੁਖ ਸਿੰਘ, ਰਾਜਿੰਦਰ ਸਿੰਘ, ਸੁਰਿੰਦਰ


ਸੂਬੇਦਾਰ ਦਲੀਪ ਸਿੰਘ


ਪਿਰਥੀ ਸਿੰਘ ਟਿਵਾਣਾ


ਬਲਬੀਰ ਸਿੰਘ



*ਭਾਈ ਹਰਦੀਪ ਸਿੰਘ*



*ਦਲਬੀਰ ਸਿੰਘ*



*ਪ੍ਰਸਿੰਨ ਸਿੰਘ*



*ਮਨਜੀਤ ਸਿੰਘ*

ਸਿੰਘ ਤੇ ਜਾਤਾ ਸਿੰਘ ਦੇ ਨਾਮ ਆਉਂਦੇ ਹਨ। ਦੱਸਿਆ ਜਾਂਦਾ ਹੈ ਕਿ ਕਾਲੀਬੜ ਦੇ ਕੁਝ ਵਿਅਕਤੀਆਂ ਨੇ 1914 ਅਤੇ 1942 ਵਿੱਚ ਹੋਈਆਂ ਜੰਗਾਂ ਵਿੱਚ ਹਿੱਸਾ ਲਿਆ ਸੀ। ਹਜੂਰਾ ਸਿੰਘ ਨੂੰ ਵਿਕਟੋਰੀਆ ਕਰਾਸ ਸਨਮਾਨ ਵੀ ਮਿਲਿਆ ਜਿਹੜਾ ਉਸ ਸਮੇਂ ਬਹਾਦਰੀ ਦਾ ਵੱਡਾ ਪੁਰਸਕਾਰ ਸਮਝਿਆ ਜਾਂਦਾ ਸੀ। ਇਸ ਪਿੰਡ ਦੇ ਬਜ਼ੁਰਗ ਪ੍ਰਸਿੰਨ ਸਿੰਘ ਦੇ ਪੁੱਤਰ ਦਲਬੀਰ ਸਿੰਘ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਹਰਦੀਪ ਸਿੰਘ ਨੇ ਦੱਸਿਆ ਕਿ 17 ਪਿੰਡਾਂ ਦੀ 2300 ਏਕੜ ਜ਼ਮੀਨ ਦੀ ਉਦੋਂ 31 ਲੱਖ ਰੁਪਏ ਕੀਮਤ ਪਾਈ ਗਈ ਜੋ ਪ੍ਰਤੀ ਏਕੜ 1350 ਰੁਪਏ ਬਣਦੀ ਸੀ। ਉਨ੍ਹਾਂ ਕਿਹਾ ਕਿ ਇਸ ਪਿੰਡ ਦੀ ਨਿਸ਼ਾਨੀ ਵਜੋਂ ਕੋਈ ਯਾਦਗਾਰ ਵੀ ਨਹੀਂ ਬਣਾਈ ਗਈ ਜੋ ਬਣਨੀ ਚਾਹੀਦੀ ਸੀ।

# 7. ਕੈਲੜ ਦੀ ਵਿਰਾਸਤੀ ਦਾਸਤਾਨ



ਗੁਰਦੁਆਰਾ ਸਾਹਿਬ, ਸੈਕਟਰ-15

ਚੰਡੀਗੜ੍ਹ ਵੱਲੋਂ ਗ੍ਰਸੇ ਪਿੰਡਾਂ ਵਿੱਚ ਕੈਲੜ ਦਾ ਨਾਂ ਵੀ ਆਉਂਦਾ ਹੈ। ਕੈਲੜ ਦੇ ਜੰਮਪਲ ਭਾਗ ਸਿੰਘ (ਸੇਵਾਮੁਕਤ ਅਧਿਆਪਕ) ਨੇ ਆਪਣੇ ਪਿੰਡ ਦੇ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਪਿੰਡ ਦਾ ਆਲਾ-ਦੁਆਲਾ ਬਹੁਤ ਰਮਣੀਕ ਸੀ। ਕੈਲੜ ਕਾਫ਼ੀ ਵੱਡਾ ਪਿੰਡ ਸੀ। ਪਿੰਡ ਦੀ ਆਬਾਦੀ ਦੋ ਹਜ਼ਾਰ ਅਤੇ ਘਰ 800 ਦੇ ਕਰੀਬ ਸਨ। ਪਿੰਡ ਵਿੱਚ ਲਗਪਗ ਸਾਰੇ ਭਾਈਚਾਰਿਆਂ ਦੇ ਲੋਕ ਵਸਦੇ ਸਨ।

ਪਿੰਡ ਵਿੱਚ ਇੱਕ ਸਰਕਾਰੀ ਪ੍ਰਾਇਮਰੀ ਸਕੂਲ ਹੁੰਦਾ ਸੀ ਜਿਸ ਵਿੱਚ ਜੈ ਕਿਸ਼ਨ (ਕੈਲੜ) ਤੇ ਬਾਬੂ ਰਾਮ (ਧਨਾਸ) ਪੜ੍ਹਾਉਂਦੇ ਹੁੰਦੇ ਸਨ। ਕੈਲੜ ਵਿਚਲੇ ਗੁਰਦੁਆਰੇ ਦਾ ਪ੍ਰਬੰਧ ਭਾਈ ਤੇਜਾ ਸਿੰਘ ਅਧੀਨ ਹੁੰਦਾ ਸੀ। ਹੁਣ ਇਹ ਗੁਰਦੁਆਰਾ ਸੈਕਟਰ 15 ਵਿੱਚ ਆਉਂਦਾ ਹੈ। ਸ਼ਿਵ ਅਤੇ ਦੇਵੀ ਦਾ ਮੰਦਰ ਹੁਣ ਵੀ ਹਨ। ਉਦੋਂ ਭੌਣੀਆਂ ਵਾਲੇ ਖੂਹ ਹੁੰਦੇ ਸਨ, ਜਿਨ੍ਹਾਂ ਦਾ ਪਾਣੀ ਬੜਾ ਸਾਫ਼ ਹੁੰਦਾ ਸੀ। ਇਸ ਪਿੰਡ ਦੇ ਮੁੱਖ ਵਿਅਕਤੀ ਪੰਡਿਤ ਇੰਦਰਜੀਤ, ਠਾਕਰ ਸਿੰਘ (ਲਾਹੌਰ ਤੋਂ ਬੀ. ਐਸ. ਸੀ., ਬੀ.ਟੀ. ਪਾਸ) , ਬਚਨ ਸਿੰਘ (ਬੀ.ਡੀ.ਓ.) ਗੁਰਦਿੱਤ ਸਿੰਘ, ਛੱਜਾ ਸਿੰਘ, ਤੁਲਸਾ ਸਿੰਘ ਤੇ ਅਜੀਤ ਸਿੰਘ ਸਨ। ਠਾਕਰ ਸਿੰਘ ਪ੍ਰਤਿਭਾਸ਼ਾਲੀ ਅਧਿਆਪਕ ਸਨ। ਉਹ ਕ੍ਰਿਸ਼ਚਨ ਹਾਈ ਸਕੂਲ ਖਰੜ ਵਿੱਚ ਵਧੀਆ ਸੇਵਾਵਾਂ ਨਿਭਾਉਂਦੇ ਰਹੇ। ਛੱਜਾ ਸਿੰਘ ਤੇ ਤੁਲਸਾ ਸਿੰਘ ਦੀ ਹਲਟਾਂ ਵਾਲੀ ਜ਼ਮੀਨ 'ਤੇ ਸਰਕਾਰੀ ਹਸਪਤਾਲ, ਸੈਕਟਰ-16 ਉਸਾਰਿਆ ਗਿਆ।



ਭਾਗ ਸਿੰਘ

ਇਸ ਪਿੰਡ ਦਾ ਉਠਾਲਾ 1952 ਵਿੱਚ ਹੋਇਆ ਸੀ। ਲੋਕਾਂ ਨੂੰ ਵਸੇਬੇ ਲਈ ਮਕਾਨ ਅਤੇ ਜ਼ਮੀਨਾਂ ਤਾਂ ਦਿੱਤੀਆਂ ਗਈਆਂ ਪਰ ਸ਼ਾਮਲਾਟ ਥਾਵਾਂ, ਰਸਤਿਆਂ (ਪਹੀਆਂ), ਟੋਭਿਆਂ ਤੇ ਹੋਰ ਥਾਵਾਂ ਦਾ ਕੋਈ ਮੁਆਵਜ਼ਾ ਨਹੀਂ ਦਿੱਤਾ ਗਿਆ। ਪਿੰਡਾਂ ਨੂੰ ਉਜਾੜਨ ਦੇ ਵਿਰੋਧ ਵਿੱਚ ਇਸ ਪਿੰਡ ਦੇ ਲੋਕਾਂ ਨੇ ਮੁਜ਼ਾਹਰੇ



ਬਚਨ ਸਿੰਘ
ਬੀ.ਡੀ.ਓ.

ਵੀ ਕੀਤੇ। ਇਸੇ ਤਹਿਤ ਛੱਜਾ ਸਿੰਘ ਪੁੱਤਰ ਅਤਰ ਸਿੰਘ ਦੀ ਫਿਰੋਜ਼ਪੁਰ ਜੇਲ੍ਹ ਵਿੱਚ ਮੌਤ ਹੋਈ ਸੀ। ਇਸ ਪਿੰਡ ਦੇ ਉੱਚੇ ਥੇਹ ਉੱਤੇ ਇੰਦਰਾ ਹੌਲੀਡੇਅ ਹੋਮ ਬਣਿਆ। ਇਸ ਪਿੰਡ ਦੇ ਲੋਕਾਂ ਨੇ ਖਰੜ, ਕੁਰਾਲੀ, ਚੜਿਆਲਾ, ਭਰੈਲੀ (ਹਰਿਆਣਾ), ਮਜਾਤ, ਦੈੜੀ ਤੇ ਚਟੌਲੀ ਵਰਗੇ ਪਿੰਡਾਂ ਵਿੱਚ ਵਸੇਬਾ ਕੀਤਾ। ਪੁਆਧ ਖੇਤਰ ਦਾ ਇਹ ਪਿੰਡ ਸੱਭਿਆਚਾਰ ਅਤੇ ਵਿਰਾਸਤ ਕਰਕੇ ਬਹੁਤ ਮਸ਼ਹੂਰ ਸੀ। ਹੁਣ ਵੀ ਇਸ ਪਿੰਡ ਦੇ ਲੋਕ ਜਿੱਥੇ ਵੀ ਜਾ ਕੇ ਵਸੇ ਹਨ, ਕੈਲੜੀਏ ਜਾਂ ਟਿਵਾਣਾ ਗੋਤ ਕਰਕੇ ਜਾਣੇ ਜਾਂਦੇ ਹਨ। ਨੇੜੇ ਦੇ ਪਿੰਡ ਕਾਲੀਬੜ ਨਾਲ ਇਸ ਪਿੰਡ ਦੇ ਵਾਸੀਆਂ ਦੀ ਬਹੁਤ ਸਾਂਝ ਸੀ। ਗੋਤੀ ਭਰਾਵਾਂ ਵਾਲਾ ਰਿਸ਼ਤਾ ਹੁੰਦਾ ਸੀ। ਪਿੰਡ ਦੇ ਉਜਾੜੇ ਨਾਲ ਵਿਰਾਸਤੀ ਨਾਮੋ-ਨਿਸ਼ਾਨ ਤਾਂ ਮਿਟ ਹੀ ਗਿਆ, ਬਲਕਿ ਭੂਗੋਲਿਕ ਤੌਰ 'ਤੇ ਦੂਰੀ ਪੈ ਜਾਣ ਨਾਲ ਸਾਂਝ ਦੀਆਂ ਤੰਦਾਂ ਵੀ ਟੁੱਟ ਗਈਆਂ।

# 8. ਮਹਿਲੇਮਾਜਰਾ ਜਿੱਥੇ ਬਣੀਆਂ ਮਹਿਲਨੁਮਾ ਕੋਠੀਆਂ


*ਮਹਿਲਨੁਮਾ ਕੋਠੀ*

ਪੁਆਧ ਖੇਤਰ ਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਥੱਲੇ ਛੋਟਾ ਜਿਹਾ ਪਿੰਡ ਹੁੰਦਾ ਸੀ ਮਹਿਲੇਮਾਜਰਾ। ਇਸ ਪਿੰਡ ਵਿੱਚ ਲਗਪਗ 30 ਘਰ ਅਤੇ 200 ਆਬਾਦੀ ਸੀ। ਪਿੰਡ ਦਾ ਰਕਬਾ 2 ਹਜ਼ਾਰ ਵਿੱਘੇ ਦੱਸਿਆ ਜਾਂਦਾ ਹੈ। ਇਸ ਪਿੰਡ ਵਿੱਚ ਕੋਈ ਮੰਦਰ, ਗੁਰਦੁਆਰਾ ਤੇ ਸਕੂਲ ਨਹੀਂ ਸੀ। ਖੂਹ ਦਾ ਪਾਣੀ 60 ਫੁੱਟ ਡੂੰਘਾ ਹੁੰਦਾ ਸੀ। ਇਸ ਲਈ ਖੂਹ ਤੋਂ ਪਾਣੀ ਭਰਨ ਲਈ ਕਾਫ਼ੀ ਜੱਦੋ-ਜਹਿਦ ਕਰਨੀ ਪੈਂਦੀ ਸੀ।

ਪਿੰਡ ਦੇ ਕਾਰ-ਵਿਹਾਰਾਂ ਤੇ ਸਮਾਗਮਾਂ ਲਈ ਸਾਂਝੀ ਧਰਮਸ਼ਾਲਾ ਹੁੰਦੀ ਸੀ। ਪਿੱਪਲ,ਬਰੋਟਾ, ਨਿੰਮ ਤੇ ਅੰਬਾਂ ਦੇ ਕਾਫ਼ੀ ਰੁੱਖ਼ ਸਨ। ਮੁੱਖ ਫ਼ਸਲਾਂ ਕਣਕ, ਗੰਨਾ, ਮੱਕੀ, ਛੋਲੇ, ਮੂੰਗਫ਼ਲੀ ਤੇ ਧਾਨ ਸਨ। ਸਰਦੀ ਵਿੱਚ ਘੁਲਾੜੀਆਂ ਚਲਦੀਆਂ ਸਨ ਅਤੇ ਇੱਕ-ਦੂਜੇ ਦੇ ਕੰਮਾਂ ਵਿੱਚ ਹੱਥ ਵਟਾਇਆ ਜਾਂਦਾ ਸੀ। ਕਹਾਰ ਭਾਈਚਾਰੇ ਦੇ ਲੋਕ ਧਾਨਾਂ ਦੀਆਂ ਖਿੱਲਾਂ ਬਣਾ ਕੇ ਵੇਚਿਆ ਕਰਦੇ ਸਨ। ਪਿੰਡ ਵਿੱਚ ਜ਼ਿਮੀਂਦਾਰਾਂ ਦਾ ਗੋਤ ਵਿਰਕ ਸੀ। ਇੱਕ ਘਰ ਗੋਸਾਈਆਂ ਦਾ ਹੁੰਦਾ ਸੀ। ਇੱਕ ਘਰ ਦਲਿਤਾਂ ਦਾ ਤੇ ਪੰਜ-ਛੇ ਘਰ ਕਹਾਰਾਂ ਦੇ ਦੱਸੇ ਜਾਂਦੇ ਹਨ। ਪਿੰਡ ਵਿੱਚ ਕਦੇ ਕੋਈ ਲੜਾਈ-ਝਗੜਾ ਨਹੀਂ ਹੋਇਆ ਸੀ। ਇਸੇ ਕਰਕੇ ਇਸ ਪਿੰਡ ਵਿੱਚ ਕਦੇ ਪੁਲੀਸ ਨਹੀਂ ਆਈ ਸੀ। ਦੀਵਾਲੀ, ਦਸਹਿਰਾ ਤੇ ਲੋਹੜੀ ਪੂਰੀ ਧੂਮ-ਧਾਮ ਨਾਲ ਮਨਾਏ ਜਾਂਦੇ ਸਨ। ਸਾਂਝੀ ਮਾਈ ਲਾਉਣ ਦਾ ਰਿਵਾਜ ਸੀ ਅਤੇ ਤੀਵੀਆਂ ਜੌਂ ਬੀਜ ਕੇ ਸ਼ਗਨ ਮਨਾਉਂਦੀਆਂ ਸਨ। ਮਨਸਾ ਦੇਵੀ ਦਾ ਮੇਲਾ ਦੇਖਣ ਦਾ ਲੋਕਾਂ ਨੂੰ ਬੜਾ ਚਾਅ ਹੁੰਦਾ ਸੀ। ਪਿੰਡ ਵਿੱਚ ਇੱਕ ਰੱਥ ਹੁੰਦਾ ਸੀ ਅਤੇ ਦਸ ਕੁ ਗੱਡੇ ਹੁੰਦੇ ਸਨ। ਮਨੀਮਾਜਰੇ ਗੱਡਿਆਂ ਤੇ ਆਟਾ ਪਿਸਾਉਣ ਲਈ ਜਾਂਦੇ ਸਨ। ਉਦੋਂ ਵਿਆਹਾਂ ਵੇਲੇ ਬਰਾਤਾਂ ਘੱਟੋ-ਘੱਟ ਦੋ ਜਾਂ ਤਿੰਨ ਦਿਨ ਠਹਿਰਦੀਆਂ ਸਨ। ਸਾਰੇ ਪਿੰਡ ਵੱਲੋਂ ਬਰਾਤ ਦੀ ਸੇਵਾ ਕੀਤੀ ਜਾਂਦੀ। ਪਿੰਡ ਬਹਿਲੋਲਪੁਰ ਵਿੱਚ ਮਾਤਾ ਰਾਣੀ ਦੀ ਪੂਜਾ ਅਤੇ ਜੈਂਤੀਮਾਜਰੀ ਦਾ ਮੇਲਾ ਦੇਖਣ ਲੋਕ ਪੈਦਲ ਹੀ ਚਲੇ ਜਾਂਦੇ ਸਨ।


*ਹਜਾਰਾ ਸਿੰਘ*

ਪਿੰਡ ਦੇ ਸਿਰਕੱਢ ਵਿਅਕਤੀ ਹਜਾਰਾ ਸਿੰਘ ਨੇ ਮਨੀਮਾਜਰਾ

ਅਤੇ ਖਰੜ ਦੇ ਸਕੂਲਾਂ ਤੋਂ ਵਿਦਿਆ ਹਾਸਲ ਕੀਤੀ ਅਤੇ ਜਿਓਲੌਜੀਕਲ ਸਰਵੇ ਆਫ਼ ਇੰਡੀਆ 'ਚੋਂ ਬਤੌਰ ਮਕੈਨੀਕਲ ਇੰਜੀਨੀਅਰ ਸੇਵਾਮੁਕਤ ਹੋਏ। ਉਨ੍ਹਾਂ ਨੇ 1952 ਵਿੱਚ ਪਿੰਡ ਦਾ ਉਜਾੜਾ ਅੱਖੀਂ ਦੇਖਿਆ। ਇਸ ਪਿੰਡ ਦੇ ਲੋਕਾਂ ਨੂੰ ਮਨੀਮਾਜਰਾ, ਬਹਿਲਾਂ, ਚੁੰਨ੍ਹੀ ਕਲਾਂ, ਖਰੜ ਖਾਨਪੁਰ, ਚਤਾਮਲੀ, ਕਮਾਲਪੁਰ ਤੇ ਦੁੱਲਮਾਂ ਖੱਦਰੀ ਆਦਿ ਥਾਵਾਂ 'ਤੇ ਵਸੇਬੇ ਲਈ ਜ਼ਮੀਨ ਅਤੇ ਮਕਾਨ ਦਿੱਤੇ ਗਏ ਪਰ ਭੂਮੀ ਐਕਟ ਦੇ ਨਿਯਮਾਂ ਅਨੁਸਾਰ ਬਣਦੇ ਪੈਸੇ ਨਹੀਂ ਦਿੱਤੇ ਗਏ। ਸ਼ਾਮਲਾਟ ਜ਼ਮੀਨ ਉਂਜ ਹੀ ਹੜੱਪ ਲਈ ਗਈ। ਇਸ ਪਿੰਡ ਦੇ ਪਿਛੋਕੜ ਨਾਲ ਸਬੰਧ ਰੱਖਣ ਵਾਲੇ ਸੇਵਾਮੁਕਤ ਮੇਜਰ ਰਾਜਿੰਦਰ ਸਿੰਘ (ਲਾਲੀ ਵਿਰਕ) ਨੂੰ ਦੁੱਖ ਹੈ ਕਿ ਪਿੰਡ ਦੇ ਉਜਾੜੇ ਦੇ ਝੰਬੇ ਲੋਕ ਅਜੇ ਤੱਕ ਵੀ ਪੱਕੇ ਪੈਰੀਂ ਨਹੀਂ ਹੋ ਸਕੇ। ਲਾਲੀ ਵਿਰਕ ਨੇ ਪਿੰਡ ਦੇ ਤੇਜਾ ਸਿੰਘ, ਮੀਂਹਾਂ ਸਿੰਘ, ਇੰਦਰ ਸਿੰਘ ਤੇ ਰਾਮ ਸਿੰਘ ਦਾ ਜ਼ਿਕਰ ਕੀਤਾ ਜਿਨ੍ਹਾਂ ਨੇ ਭਾਰਤੀ ਫ਼ੌਜ ਵਿੱਚ ਸ਼ਾਨਦਾਰ ਸੇਵਾਵਾਂ ਨਿਭਾਈਆਂ। ਹੁਣ ਇਸ ਪਿੰਡ ਦੀ ਜ਼ਮੀਨ 'ਤੇ ਸੈਕਟਰ-2 ਬਣਿਆ ਹੋਇਆ ਹੈ ਜਿੱਥੇ ਅਮੀਰ ਪਰਿਵਾਰਾਂ ਦੀਆਂ ਮਹਿਲਨੁਮਾ ਕੋਠੀਆਂ ਉੱਸਰੀਆਂ ਹੋਈਆਂ ਹਨ।

## ਜਬਰੀ ਜ਼ਮੀਨ ਐਕਵਾਇਰ ਕਰਨ ਦੀ ਸੀਬੀਆਈ ਜਾਂਚ ਹੋਵੇ

ਪਿੰਡ ਬਚਾਓ ਕਮੇਟੀ ਦੇ ਜਨਰਲ ਸਕੱਤਰ **ਮੇਜਰ** ਰਜਿੰਦਰ ਸਿੰਘ ਵਿਰਕ ਨੇ ਦੇਸ਼ ਸੇਵਕ ਨਾਲ ਗੱਲਬਾਤ ਦੌਰਾਨ **ਦੱਸਿਆ** ਕਿ ਪ੍ਰਸ਼ਾਸ਼ਨ ਵੱਲੋਂ ਦੂਜੇ ਰਾਜਾਂ ਤੋਂ ਆਏ ਗੈਰ ਪੰਜਾਬੀ ਲੋਕਾਂ ਨੂੰ **ਚੰਡੀਗੜ੍ਹ** 'ਚ ਵੋਟ ਬੈਂਕ ਦੇ ਆਧਾਰ 'ਤੇ ਵਸਾਉਣ ਲਈ ਇੱਥੋਂ **ਦੇ** ਪਿੰਡਾਂ ਦੀਆਂ ਜ਼ਮੀਨਾਂ ਜਬਰੀ ਐਕਵਾਇਰ ਕੀਤੀਆਂ ਗਈਆਂ। ਮੇਜਰ ਰਜਿੰਦਰ **ਸਿੰਘ** ਨੇ ਕਿਹਾ ਕਿ ਇਸ ਮਾਮਲੇ ਦੀ ਕੇਂਦਰ ਸਰਕਾਰ ਨੂੰ ਸੀਬੀਆਈ ਜਾਂਚ ਕਰਵਾਉਣੀ ਚਾਹੀਦੀ ਹੈ ਤਾਂ ਜੋ ਚੰਡੀਗੜ੍ਹ ਪ੍ਰਸ਼ਾਸ਼ਨ ਦੇ ਭ੍ਰਿਸ਼ਟ ਤੰਤਰ **ਦਾ ਭਾਂਡਾ ਫੁੱਟ** ਸਕੇ।




*ਮੇਜਰ ਰਜਿੰਦਰ ਸਿੰਘ ਵਿ*

# 9. ਰੁੜਕੀ ਪੜਾਓ- ਬੱਸ ਸਟੈਂਡ ਦਾ ਸਥਾਨ



*ਬੱਸ ਸਟੈਂਡ ਸੈਕਟਰ 17*

ਚੰਡੀਗੜ੍ਹ ਵਸਾਉਣ ਲਈ 1952 ਵਿੱਚ ਪਹਿਲੇ ਉਠਾਲੇ ਵੇਲੇ ਜਿਹੜੇ 17 ਪਿੰਡਾਂ ਦਾ ਉਜਾੜਾ ਹੋਇਆ ਸੀ, ਉਨ੍ਹਾਂ ਵਿੱਚ ਰੁੜਕੀ ਪੜਾਓ ਦਾ ਨਾਮ ਵੀ ਕਾਫ਼ੀ ਅਹਿਮ ਹੈ। ਇਹ ਪਿੰਡ ਰੋਪੜ ਤੋਂ ਅੰਬਾਲਾ ਜਾਣ ਵਾਲੀ ਪੁਰਾਣੀ ਸੜਕ ਉੱਤੇ ਹੁੰਦਾ ਸੀ। ਰਾਹਗੀਰ ਅਤੇ ਤਾਂਗਾ ਚਾਲਕ ਇਸ ਥਾਂ 'ਤੇ ਠਹਿਰ ਕਰਦੇ ਸਨ। ਇਸੇ ਕਰਕੇ ਇਸ ਪਿੰਡ ਦਾ ਨਾਮ ਰੁੜਕੀ ਪੜਾਓ ਪੈ ਗਿਆ ਭਾਵ ਪੜਾਅ ਕਰਨ ਵਾਲੀ ਥਾਂ। ਇਸ ਪਿੰਡ ਦੇ ਦਿਆਲੂ ਲੋਕ ਰਾਹਗੀਰਾਂ ਲਈ ਲੰਗਰ ਆਦਿ ਵੀ ਲਾਉਂਦੇ ਸਨ।






*ਕਿਰਨ ਸਿਨੇਮਾ, ਸੈਕਟਰ 22*

ਚੰਡੀਗੜ੍ਹ ਸੈਕਟਰ 17 ਤੋਂ ਅੰਬਾਲਾ ਜਾਣ ਵਾਲੀ ਸੜਕ ਦਾ ਚੌਕ ਪਾਰ ਕਰਕੇ ਸੱਜੇ ਹੱਥ ਉੱਚੀ ਥੇਹ ਵਾਲੀ ਜ਼ਮੀਨ ਉੱਤੇ ਸੈਕਟਰ-21 ਹੈ ਜੋ ਪਿੰਡ ਰੁੜਕੀ ਪੜਾਓ ਦੀ ਯਾਦ ਦਿਵਾਉਂਦਾ ਹੈ। ਇਸ ਪਿੰਡ ਦੀ ਵਾਹੀਯੋਗ ਜ਼ਮੀਨ ਕਰੀਬ ਚਾਰ ਹਜ਼ਾਰ ਵਿੱਘੇ ਦੱਸੀ ਜਾਂਦੀ ਹੈ ਜਿਸ ਉੱਤੇ ਕੁਝ ਹਿੱਸਾ ਸੈਕਟਰ-22 ਅਤੇ ਸੈਕਟਰ-17 ਵਾਲਾ ਹੈ। ਸੈਕਟਰ-17 ਬੈਂਕ ਸੁਕੇਅਰ ਬੰਤ ਸਿੰਘ ਤੇ ਮਹਿਮਾ ਸਿੰਘ ਦੀ ਜ਼ਮੀਨ 'ਤੇ ਬਣਿਆ ਹੋਇਆ ਹੈ। ਬਸਤਾ ਸਿੰਘ ਦੀ ਜ਼ਮੀਨ ਉੱਤੇ ਨੀਲਮ ਸਿਨੇਮਾ ਘਰ ਬਣਿਆ ਹੋਇਆ ਹੈ। ਕਿਰਨ ਸਿਨੇਮਾ, ਸੈਕਟਰ-22 ਦੀ ਇਮਾਰਤ ਵੀ ਇਸ ਪਿੰਡ ਦੇ ਬਜ਼ੁਰਗਾਂ ਨੂੰ ਆਪਣੇ ਖੇਤਾਂ ਵਾਲੀ ਜ਼ਮੀਨ ਦੀ ਯਾਦ ਦਿਵਾਉਂਦੀ ਹੈ। ਇਸ ਪਿੰਡ ਵਿੱਚ 55 ਕੁ ਘਰ ਹੁੰਦੇ ਸਨ ਜਿਨ੍ਹਾਂ ਵਿੱਚੋਂ ਬਹੁਤੇ ਕੱਚੇ ਸਨ, ਪਿੰਡ ਵਿੱਚ ਕਈ ਖੂਹ ਸਨ। ਇਸ ਪਿੰਡ ਦੇ ਜ਼ਿਮੀਦਾਰਾਂ ਦੇ 17 ਹਲਟ ਸਨ ਜਿਨ੍ਹਾਂ ਦੀ ਸਿੰਜਾਈ ਨਾਲ ਕਣਕ, ਮੱਕੀ, ਕਮਾਦ, ਚਰੀ,

ਕਪਾਹ, ਮੂੰਗਫਲੀ ਆਦਿ ਫ਼ਸਲਾਂ ਦੀ ਚੰਗੀ ਖੇਤੀ ਹੁੰਦੀ ਸੀ। ਕਈ ਜ਼ਿਮੀਂਦਾਰ ਗੱਡਿਆਂ ਰਾਹੀਂ ਭਾੜੇ ਦਾ ਕੰਮ ਵੀ ਕਰ ਲੈਂਦੇ ਸਨ। ਟਿਵਾਣਾ, ਸਿੱਧੂ, ਬੈਦਵਾਣ, ਸ਼ੁਕਰੀਏ ਤੇ ਮਾਨ ਗੋਤ ਵਾਲੇ ਲੋਕ ਬੜੇ ਮਿਹਨਤੀ ਸਨ।


ਕਰਨੈਲ ਸਿੰਘ

ਰੁੜਕੀ ਪੜਾਓ ਵਿੱਚ ਕੋਈ ਸਕੂਲ ਨਹੀਂ ਸੀ। ਇਸ ਪਿੰਡ ਵਿੱਚ ਕੋਈ ਗੁਰਦੁਆਰਾ ਜਾਂ ਮੰਦਰ ਵੀ ਨਹੀਂ ਸੀ। ਖੇੜਾ ਅਤੇ ਧਰਮਸ਼ਾਲਾ ਸਨ ਪਰ ਉਠਾਲੇ ਸਮੇਂ ਢਹਿ-ਢੇਰੀ ਕਰ ਦਿੱਤੇ ਗਏ। ਇਸ ਦੌਰ ਨੇ 17 ਹਲਟ ਅਤੇ ਪਿੰਡ ਵਾਲੇ ਖੂਹ ਵੀ ਮਿੱਟੀ ਨਾਲ ਪੂਰ ਦਿੱਤੇ ਗਏ। ਕੈਪਟਨ ਇੰਦਰ ਸਿੰਘ, ਬਸਤਾ ਸਿੰਘ, ਪ੍ਰੇਮ ਸਿੰਘ, ਚੰਦਾ ਸਿੰਘ, ਬੰਤ ਸਿੰਘ, ਜੋਗਿੰਦਰ ਸਿੰਘ, ਸਰਵਣ ਸਿੰਘ ਤੇ ਮਹਿਮਾ ਸਿੰਘ ਪਿੰਡ ਦੀਆਂ ਮੁੱਖ ਹਸਤੀਆਂ ਸਨ।

ਉਠਾਲੇ ਸਮੇਂ ਲੋਕਾਂ ਨੂੰ ਜ਼ਮੀਨ ਬਦਲੇ ਜ਼ਮੀਨ ਅਤੇ ਘਰ ਬਦਲੇ ਘਰ ਵਸੇਬੇ ਲਈ ਦਿੱਤੇ ਗਏ ਪਰ ਜ਼ਮੀਨਾਂ ਅਤੇ ਘਰਾਂ ਦੀਆਂ ਕੀਮਤਾਂ ਬਹੁਤ ਘੱਟ ਦਿੱਤੀਆਂ ਗਈਆਂ। ਉਦੋਂ ਭਾਰਤ ਤਾਜ਼ਾ-ਤਾਜ਼ਾ ਆਜ਼ਾਦ ਹੋਇਆ ਸੀ ਤੇ ਪੰਜਾਬ ਦੀ ਨਵੀਂ ਰਾਜਧਾਨੀ ਬਣਾਉਣੀ ਸੀ। ਲੋਕ ਸ਼ਾਂਤ-ਚਿੱਤ ਸਨ ਤੇ ਕੋਈ ਆਗੂ ਇਨ੍ਹਾਂ ਪਿੰਡਾਂ ਦੀ ਅਗਵਾਈ ਕਰਨ ਵਾਲਾ ਨਹੀਂ ਸੀ। ਇਸ ਕਾਰਨ ਇਨ੍ਹਾਂ ਉਜਾੜੇ ਗਏ ਪਿੰਡਾਂ ਦੇ ਬਣਦੇ ਹੱਕਾਂ ਲਈ ਕੋਈ ਵੱਡਾ ਸੰਘਰਸ਼ ਨਾ ਕਰ ਸਕਿਆ। ਉੱਜੜ ਕੇ ਵਸਣਾ ਬੜਾ ਔਖਾ ਸੀ ਪਰ ਸਮੇਂ ਨਾਲ ਸਮਝੌਤਾ ਕਰਨਾ ਪਿਆ।

ਇਸ ਪਿੰਡ ਦੇ ਲੋਕਾਂ ਨੂੰ ਵਸੇਬੇ ਲਈ ਲਖਨੌਰ, ਮਨੀਮਾਜਰਾ, ਸੈਦਪੁਰ,ਖਰੜ, ਪੀਰ ਸੁਹਾਣਾ, ਧੜਾਕ, ਬਰਵਾਲਾ (ਹਰਿਆਣਾ), ਰਾਇਪੁਰ ਕਲਾਂ (ਨੇੜੇ ਬੁੱਢਣਪੁਰ ਯੂ. ਟੀ. )ਆਦਿ ਪਿੰਡਾਂ ਵਿੱਚ ਮਕਾਨ ਤੇ ਜ਼ਮੀਨਾਂ ਦਿੱਤੀਆਂ ਗਈਆਂ। ਚੰਡੀਗੜ੍ਹ ਕੇਂਦਰੀ ਪ੍ਰਸ਼ਾਸਨ ਨੇ ਜਿਹੜੇ 22 ਪਿੰਡ ਆਪਣੇ ਅਧੀਨ ਬਾਅਦ ਵਿੱਚ ਲਿਆਂਦੇ ਹਨ, ਉਨ੍ਹਾਂ 'ਚੋਂ ਬਹੁਤ ਸਾਰੇ ਪਿੰਡਾਂ ਦੀ ਸ਼ਾਮਲਾਟ ਜ਼ਮੀਨ ਤੇ ਬਣਦੇ ਪੈਸੇ ਜ਼ਿਮੀਂਦਾਰਾਂ ਨੂੰ ਦੇਣ ਦੇ ਕੇਸ ਠੰਢੇ ਬਸਤੇ ਵਿੱਚ ਪਏ ਹੋਏ ਹਨ।

# 10. ਖੇੜੀ ਦੀ ਦਾਸਤਾਨ



*ਗੁਰਦੁਆਰਾ ਕਲਗੀਧਰ ਖੇੜੀ, ਸੈਕਟਰ- 20 ਸੀ*

ਚੰਡੀਗੜ੍ਹ ਵਸਾਉਣ ਲਈ ਪਹਿਲੇ ਉਠਾਲੇ ਦੌਰਾਨ 1952 ਵਿੱਚ ਪਿੰਡ ਖੇੜੀ ਨੂੰ ਉਜਾੜਿਆ ਗਿਆ ਸੀ। ਬਜ਼ੁਰਗ ਪ੍ਰੇਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਖੇੜੀ ਵਿੱਚ ਕਰੀਬ 60 ਘਰ ਹੁੰਦੇ ਸਨ। ਪਿੰਡ ਦੀ ਆਬਾਦੀ 300 ਦੇ ਕਰੀਬ ਸੀ। ਪਿੰਡ ਦੀ ਜ਼ਮੀਨ ਦਾ ਰਕਬਾ 4500 ਵਿੱਘੇ ਦੱਸਿਆ ਜਾਂਦਾ ਹੈ। ਇਹ ਜ਼ਮੀਨ ਬਹੁਤ ਉਪਜਾਊ ਸੀ ਤੇ ਲਗਪਗ ਸਾਰੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਸਨ।

ਪਿੰਡ ਦੇ ਭਾਈਚਾਰੇ ਵਿੱਚ ਚੰਗੀ ਸਾਂਝ ਸੀ। ਲੜਾਈ- ਝਗੜੇ ਬਹੁਤ ਘੱਟ ਹੁੰਦੇ ਸਨ। ਲੋਕ ਸਾਊ ਬਿਰਤੀ ਦੇ ਸਨ। ਬਜ਼ੁਰਗ ਪ੍ਰੇਮ ਸਿੰਘ ਹੋਰੀਂ 9 ਭਰਾ ਸਨ ਜਿਨ੍ਹਾਂ ਦੀ 70 ਵਿੱਘੇ ਜ਼ਮੀਨ ਸੀ। ਪਿੰਡ ਵਿੱਚ ਤਿੰਨ ਪੱਤੀਆਂ ਸਨ। ਇਨ੍ਹਾਂ ਦੇ ਨਾਮ ਹੀਰਾਂ ਦੀ ਪੱਤੀ, ਮਾਨਾਂ ਦੀ ਪੱਤੀ ਤੇ ਗੋਤਰਾਂ ਦੀ ਪੱਤੀ ਸੀ। ਪਿੰਡ ਦਾ ਟੋਭਾ ਚਾਰ ਕੀਲਿਆਂ ਵਿੱਚ ਫੈਲਿਆ ਹੋਇਆ ਸੀ ਜਿਸ ਦੇ ਤਿੰਨ ਘਾਟ ਪੌੜੀਆਂ ਵਾਲੇ ਹੁੰਦੇ ਸਨ। ਟੋਭੇ ਦੀ ਪਾਲ ਉੱਤੇ ਦਰੱਖ਼ਤ ਲਾਏ ਹੁੰਦੇ ਸਨ, ਜਿਨ੍ਹਾਂ ਥੱਲੇ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਕਿਸਾਨ ਭਰਾ ਆਪਣੀ ਖੇਤੀ ਦੇ ਕਈ ਕੰਮ-ਕਾਰ ਇਨ੍ਹਾਂ ਦਰਖ਼ਤਾਂ ਦੀ ਛਾਵੇਂ ਕਰਦੇ ਹੁੰਦੇ ਸਨ। ਪਸ਼ੂਆਂ ਦੇ ਪਾਣੀ ਪੀਣ ਲਈ ਤੇ ਹੋਰ ਕੰਮਾਂ ਲਈ ਟੋਭਾ ਪਾਣੀ ਦਾ ਵੱਡਾ ਸਰੋਤ ਹੁੰਦਾ ਸੀ। ਪਿੰਡ ਦਾ ਖੇੜਾ ਅਤੇ ਧਰਮਸ਼ਾਲਾ ਉਜਾੜੇ ਦੀ ਹਨੇਰੀ ਨੇ ਖਤਮ ਕਰ ਦਿੱਤੇ, ਸਿਰਫ਼ ਗੁਰਦੁਆਰੇ ਦੀ ਹੋਂਦ ਕਾਇਮ ਰਹੀ। ਇਹੋ ਗੁਰਦੁਆਰਾ ਹੁਣ ਗੁਰਦੁਆਰਾ ਕਲਗੀਧਰ ਖੇੜੀ ਸੈਕਟਰ 20-ਸੀ, ਚੰਡੀਗੜ੍ਹ ਅਖਵਾਉਂਦਾ ਹੈ। ਪਿੰਡ ਦੇ ਕਈ ਬਜ਼ੁਰਗ ਹੁਣ ਵੀ ਆਪਣੇ ਪਿੰਡ ਦੇ ਮੋਹ ਨੂੰ ਪ੍ਰਗਟਾਉਣ ਲਈ ਇੱਥੇ ਇੱਕਠੇ ਹੁੰਦੇ ਹਨ। ਪਿੰਡ ਵਿੱਚ ਤਿੰਨ ਖੂਹ ਹੁੰਦੇ ਸਨ। ਪਾਣੀ ਡੂੰਘਾ ਹੁੰਦਾ ਸੀ ਪਰ ਖੂਹਾਂ 'ਤੇ ਰੌਣਕਾਂ ਲੱਗੀਆਂ ਰਹਿੰਦੀਆਂ ਸਨ। ਪਿੰਡ ਦੇ ਲੋਕ ਭਗਤ ਆਸਾ ਰਾਮ (ਸੁਹਾਣਾ) ਦੇ ਗੌਣ ਦੀਆਂ ਅਤੇ ਮਨਸਾ ਦੇਵੀ ਦੇ ਮੇਲੇ ਦੀਆਂ ਗੱਲਾਂ ਆਮ ਕਰਿਆ ਕਰਦੇ ਸਨ। ਕੁੜੀਆਂ ਸਾਂਝੀ ਦੇ ਤਿਉਹਾਰ ਮੌਕੇ ਟੋਭੇ ਦੀ ਮਿੱਟੀ ਲਿਆ ਕੇ ਚਿੜੀਆਂ, ਟਿੱਕੀਆਂ, ਬਰੌਟੇ ਤੇ ਸਾਂਝੀ-ਮਾਈ ਬਣਾਉਂਦੀਆਂ ਹੁੰਦੀਆਂ ਸਨ। ਇਸ ਪਿੰਡ ਦੇ ਤਿੰਨ ਸਕੇ ਭਰਾ ਵਰਿਆਮ




ਪ੍ਰੇਮ ਸਿੰਘ

ਸਿੰਘ, ਹਰੀ ਸਿੰਘ ਤੇ ਸੰਤਾ ਸਿੰਘ ਫ਼ੌਜ ਵਿੱਚ ਭਰਤੀ ਸਨ ਤੇ ਲੋਕ ਉਨ੍ਹਾਂ ਦਾ ਬੜਾ ਆਦਰ ਕਰਦੇ ਸਨ। ਪਿੰਡ ਦੇ ਪ੍ਰਮੁੱਖ ਵਿਅਕਤੀਆਂ ਵਿੱਚ ਨੰਬਰਦਾਰ ਤੇਜਾ ਸਿੰਘ, ਪੂਰਨ ਸਿੰਘ, ਸਰਬਣ ਸਿੰਘ ਤੇ ਨੰਬਰਦਾਰ ਬਖ਼ਸ਼ੀਸ਼ ਸਿੰਘ ਦੇ ਨਾਂ ਜ਼ਿਕਰਯੋਗ ਹਨ। ਇਸ ਪਿੰਡ ਦੇ ਲੋਕਾਂ ਨੂੰ ਵਸੇਬੇ ਲਈ ਜ਼ਮੀਨਾਂ ਅਤੇ ਮਕਾਨ ਘਟੀਆ ਤੇ ਖਸਤਾ ਹਾਲਤ ਵਾਲੇ ਦਿੱਤੇ ਗਏ। ਇਸ ਪਿੰਡ ਦੇ ਲੋਕ ਸੀਹੋਂਮਾਜਰਾ, ਜੰਡਪੁਰ, ਰੈਲੀ ਕੁੰਡੀ, ਤੰਗੌਰੀ, ਮੌਲੀ (ਹਰਿਆਣਾ) ਧੜਾਕ, ਮਜਾਤ, ਕੁਰੜਾ ਤੇ ਖੇੜੀ (ਨੇੜੇ ਸੁੰਢੜਾਂ) ਪਿੰਡਾਂ ਵਿੱਚ ਜਾ ਵਸੇ। ਇਸ ਪਿੰਡ ਦੀ ਜ਼ਮੀਨ ਉੱਤੇ ਚੰਡੀਗੜ੍ਹ ਦਾ ਸੈਕਟਰ-20 ਅਤੇ 33-ਬੀ ਵਸਾਇਆ ਗਿਆ। ਸਰਕਾਰੀ ਪੋਸਟ ਗਰੈਜੂਏਟ ਕਾਲਜ ਸੈਕਟਰ-20 ਅਤੇ ਸਰਕਾਰੀ ਸਕੂਲ ਇਸ ਦੀ ਜ਼ਮੀਨ ਦੀ ਯਾਦ ਤਾਜ਼ਾ ਕਰਵਾਉਂਦੇ ਹਨ।



ਗੁਰਪ੍ਰੀਤ ਸਿੰਘ
ਸਰਪੰਚ

# 11. ਕੰਚਨਪੁਰਾ ਦੀ ਦਾਸਤਾਨ



*ਸ਼ਿਵ ਮੰਦਰ, ਸੈਕਟਰ-26*

ਪਿੰਡ ਕੰਚਨਪੁਰਾ ਚੰਡੀਗੜ੍ਹ ਦੇ ਉੱਤਰ-ਪੂਰਬ ਵੱਲ ਸੁਖਨਾ ਨਦੀ ਦੇ ਕੰਢੇ ਨੇੜੇ ਵਸਿਆ ਹੁੰਦਾ ਸੀ। ਇਸ ਪਿੰਡ ਨੂੰ ਪਹਿਲਾਂ ਹਮੀਦਗੜ੍ਹ ਵੀ ਕਿਹਾ ਜਾਂਦਾ ਸੀ। ਚੰਡੀਗੜ੍ਹ ਦੇ ਪਹਿਲੇ ਉਠਾਲੇ (1952) ਵੇਲੇ ਇਸ ਪਿੰਡ ਦੀ ਜ਼ਮੀਨ 'ਤੇ ਹੁਣ ਗੁਰੂ ਗੋਬਿੰਦ ਸਿੰਘ ਕਾਲਜ, ਸੈਕਟਰ 26 ਉਸਾਰਿਆ ਹੋਇਆ ਹੈ।

ਕੰਚਨਪੁਰਾ ਵਿੱਚ ਲਗਪਗ 30-35 ਘਰ ਸਨ। ਬਜ਼ੁਰਗ ਬੀਬੀ ਸ਼ਕੁੰਤਲਾ ਨੇ ਦੱਸਿਆ ਕਿ ਤਿੰਨ ਘਰ ਬ੍ਰਾਹਮਣ ਭਾਈਚਾਰੇ ਦੇ, ਦਸ-ਬਾਰਾਂ ਘਰ ਗਡਰੀਆਂ ਦੇ, ਦੋ ਤਿੰਨ ਘਰ ਤਰਖਾਣਾਂ, ਛੀਂਬਿਆਂ, ਰਾਮਦਾਸੀਆਂ ਤੇ ਬਹੁਤੇ ਘਰ ਜ਼ਿਮੀਂਦਾਰਾਂ ਦੇ ਹੁੰਦੇ ਸਨ। ਪਿੰਡ ਵਾਸੀਆਂ ਦਾ ਆਪਸੀ ਮੇਲ-ਮਿਲਾਪ ਚੰਗਾ ਸੀ। ਇਸ ਪਿੰਡ ਦੇ ਨੇੜਲੇ ਪਿੰਡ ਗੁਰਦਾਸਪੁਰ, ਭੰਗੀਮਾਜਰਾ, ਕਾਲੀਬੜ, ਨਗਲਾ ਤੇ ਮਨੀਮਾਜਰਾ ਸਨ। ਪਿੰਡ ਵਿੱਚ ਸਕੂਲ ਨਾ ਹੋਣ ਕਾਰਨ, ਨਦੀ ਪਾਰ ਮਨੀਮਾਜਰਾ ਪੜ੍ਹਨ ਜਾਣਾ ਪੈਂਦਾ ਸੀ। ਕੰਚਨਪੁਰਾ ਵਿੱਚ ਦੋ ਖੂਹ ਸਨ ਜਿਨ੍ਹਾਂ ਦਾ ਪਾਣੀ ਕਾਫ਼ੀ ਡੂੰਘਾ ਸੀ। ਪਿੰਡ ਵਿੱਚ ਗੁਰਦੁਆਰਾ ਨਹੀਂ ਸੀ। ਧਰਮਸ਼ਾਲਾ ਅਤੇ ਖੇੜਾ ਹੁੰਦਾ ਸੀ।




*ਬੀਬੀ ਸ਼ਕੁੰਤਲਾ*

ਬੀਬੀ ਸ਼ਕੁੰਤਲਾ ਨੇ ਦੱਸਿਆ ਕਿ ਉਦੋਂ ਔਰਤਾਂ ਰਸੋਈ ਦੇ ਕੰਮ ਤੋਂ ਇਲਾਵਾ ਦਰੀਆਂ ਬੁਣਨ ਤੇ ਹੋਰ ਨਿੱਕੇ-ਮੋਟੇ ਕੰਮ ਕਰ ਲੈਂਦੀਆਂ ਸਨ। ਸਾਂਝੀ ਦਾ ਤਿਉਹਾਰ, ਕਰੂਆਂ ਤੇ ਝਕਰੀਆਂ ਦੀਆਂ ਰਸਮਾਂ ਕਰਦੀਆਂ ਸਨ। ਸਰਦੀ ਵਿੱਚ ਪਿੰਡ 'ਚ ਘੁਲਾੜੀਆਂ ਚਲਦੀਆਂ ਸਨ ਅਤੇ ਗੁੜ ਦੇ ਚੱਕ ਦੁਆਲੇ ਤੱਤਾ-ਤੱਤਾ ਗੁੜ ਖਾਣ ਲਈ ਸਾਰੇ ਇਕੱਠੇ ਹੋ ਜਾਂਦੇ ਸਨ। ਆਟੇ ਵਾਲੀ ਚੱਕੀ ਮਨੀਮਾਜਰੇ ਹੁੰਦੀ ਸੀ ਅਤੇ ਲੋਕ ਪੰਚਕੂਲਾ ਘਰਾਟਾਂ 'ਤੇ ਵੀ ਆਟਾ ਪਿਸਾਉਣ ਜਾਂਦੇ ਸਨ। ਕਣਕ, ਮੱਕੀ, ਕਪਾਹ, ਮਾਂਹ, ਕਾਲੇ ਧਾਨ, ਚਰੀ, ਕਮਾਦ, ਸਰ੍ਹੋਂ ਤੇ ਮਸਰੀ ਦੀਆਂ ਫ਼ਸਲਾਂ ਹੁੰਦੀਆਂ ਸਨ। ਸੁਆਣੀਆਂ ਕਪਾਹ ਚੁਗਣ ਅਤੇ ਸਾਗ ਤੋੜਨ ਲਈ ਖੇਤਾਂ ਵਿੱਚ ਜਾਂਦੀਆਂ ਸਨ। ਵਿਆਹ ਸ਼ਾਦੀ ਜਾਂ ਕਿਸੇ ਵੀ ਦੁੱਖ-ਸੁੱਖ ਵੇਲੇ ਪੂਰਾ ਪਿੰਡ




ਗੁਰਦਿਆਲ ਸਿੰਘ



ਬਲਵਿੰਦਰ ਸਿੰਘ

ਇੱਕਠਾ ਹੁੰਦਾ ਸੀ। ਵਿਹਲੇ ਸਮੇਂ ਪਿੰਡ ਦੀਆਂ ਮੁਟਿਆਰਾਂ ਅਤੇ ਸੁਆਣੀਆਂ ਇਕੱਠੀਆਂ ਹੋ ਕੇ ਚਰਖਾ ਕੱਤਦੀਆਂ ਅਤੇ ਗੀਤ ਗਾ ਕੇ ਮਨ ਪਰਚਾਵਾ ਵੀ ਕਰਦੀਆਂ। ਚੁੱਲ੍ਹਾ, ਚਰਖਾ, ਚੱਕੀ, ਉਖਲੀ ਤੇ ਰੂੰ-ਵੇਲਣਾ ਸੁਆਣੀਆਂ ਦੇ ਕੰਮ-ਧੰਦਿਆਂ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਸਨ। ਸਿਆਲ ਦੀਆਂ ਰਾਤਾਂ ਨੂੰ ਘਰ ਦੇ ਇੱਕ ਖੂੰਜੇ ਬੈਠ ਵੇਲਣੇ ਨਾਲ ਰੂੰ ਵੇਲਣ ਦਾ ਕੰਮ ਅਕਸਰ ਬਜ਼ੁਰਗ ਔਰਤਾਂ ਕਰਦੀਆਂ ਹੁੰਦੀਆਂ ਸਨ। ਇਕ ਲੋਕ-ਗੀਤ ਵੀ ਹੈ:

**ਕਰੀਰ ਦਾ ਵੇਲਣਾ, ਨੀਂ ਮੈਂ ਵੇਲ-ਵੇਲ ਥੱਕੀ।**



ਰੂੰ ਵੇਲਣਾ

ਪਿੰਡ ਦੇ ਉਜਾੜੇ ਵੇਲੇ ਲੋਕ ਵੱਖੋ-ਵੱਖ ਥਾਵਾਂ 'ਤੇ ਜਾ ਵਸੇ। ਉਸ ਸਮੇਂ ਮਕਾਨਾਂ ਬਦਲੇ ਮਕਾਨ ਅਤੇ ਜ਼ਮੀਨ ਬਦਲੇ ਜ਼ਮੀਨ ਤਾਂ ਦੇ ਦਿੱਤੀ ਗਈ ਪਰ ਰੁੱਖਾਂ ਤੇ ਸ਼ਾਮਲਾਟ ਜ਼ਮੀਨ ਬਾਰੇ ਗੌਰ ਨਹੀਂ ਕੀਤੀ ਗਈ। ਉਜਾੜੇ ਦੇ ਦੁਖਾਂਤ ਨੂੰ ਸਹਿੰਦੇ ਪਿੰਡ ਵਾਸੀ ਬੁੱਢਣਪੁਰ, ਮਨੀਮਾਜਰਾ, ਮਨੀਮਾਜਰਾ ਖ਼ੂਦ, ਮਨੀਮਾਜਰਾ ਟਾਊਨ, ਮੌਲੀ (ਸਟੇਸ਼ਨ ਵਾਲੀ), ਬਰਵਾਲਾ (ਹਰਿਆਣਾ) ਆਦਿ ਥਾਵਾਂ 'ਤੇ ਵਸ ਗਏ। ਇਨ੍ਹਾਂ ਵਿੱਚੋਂ ਕਈ ਮੁੜ ਹੋਰ ਥਾਵਾਂ 'ਤੇ ਜਾਣ ਲਈ ਮਜਬੂਰ ਹੋ ਗਏ।




ਖਾਲਸਾ ਕਾਲਜ, ਸੈਕਟਰ-26

# 12. ਉਜਾੜੇ ਦੀ ਭੇਟ ਚੜ੍ਹਿਆ ਗੁਰਦਾਸਪੁਰਾ




*ਪ੍ਰਾਚੀਨ ਗੁੱਗਾ ਮਾੜੀ, ਸੈਕਟਰ 28-ਸੀ*

ਚੰਡੀਗੜ੍ਹ ਵਸਾਉਣ ਲਈ 1952 ਦੇ ਉਠਾਲੇ ਵੇਲੇ ਜਿੰਨ੍ਹਾਂ 17 ਪਿੰਡਾਂ ਦਾ ਉਜਾੜਾ ਹੋਇਆ, ਉਨ੍ਹਾਂ ਵਿੱਚ ਪਿੰਡ ਗੁਰਦਾਸਪੁਰਾ ਵੀ ਸ਼ਾਮਲ ਸੀ। ਇਸ ਪਿੰਡ ਦੇ ਆਲੇ-ਦੁਆਲੇ ਜੈਪੁਰਾ, ਕੰਥਾਲਾ, ਨਗਲਾ ਤੇ ਦਲਹੇੜੀਆਂ ਦੇ ਬੰਨੇ ਲੱਗਦੇ ਸਨ। ਚਾਲੀ ਕੁ ਘਰਾਂ ਵਾਲੇ ਇਸ ਪਿੰਡ ਦੀ ਵਸੋਂ 500 ਤੋਂ ਘੱਟ ਸੀ। ਪਿੰਡ ਦੀ ਵਾਹੀਯੋਗ ਜ਼ਮੀਨ ਦੋ ਹਜ਼ਾਰ ਵਿੱਘੇ ਸੀ। ਇਸ ਪਿੰਡ ਵੱਸਣ ਦੀ ਗਾਥਾ ਲੋਕੀਂ ਦੱਸਦੇ ਹਨ ਕਿ ਕਿਸੇ ਸਮੇਂ ਦੋ ਭਰਾ ਹਰਦਾਸ ਤੇ ਗੁਰਦਾਸ ਪਿੰਡ ਕਾਰਕੌਰ ਬਰੌਲੀ (ਨੇੜੇ ਡੇਰਾਬਸੀ) ਰਹਿੰਦੇ ਸਨ। ਉਦੋਂ ਫਰੀਦਕੋਟ ਦੇ ਰਾਜੇ (ਜਿਸਦਾ ਕਿਲਾ ਮਨੀਮਾਜਰੇ ਅਜੇ ਵੀ ਹੈ।) ਨੇ ਇਨ੍ਹਾਂ ਦੋਵਾਂ ਭਰਾਵਾਂ ਨੂੰ ਇੱਥੇ ਜ਼ਮੀਨ ਦਿੱਤੀ। ਗੁਰਦਾਸ ਨਾਮ ਤੇ ਪਿੰਡ ਦਾ ਨਾਮ ਗੁਰਦਾਸਪੁਰਾ ਪੈ ਗਿਆ।



*ਸ਼ਿਵ ਮੰਦਿਰ ਸੈਕਟਰ 28-ਸੀ*

ਗੁਰਦਾਸਪੁਰਾ ਵਿੱਚ ਬਹੁਤੇ ਲੋਕਾਂ ਦੇ ਘਰ ਕੱਚੇ ਸਨ। ਪਿੰਡ ਵਿੱਚ ਜ਼ਿਮੀਂਦਾਰ, ਤਰਖਾਣ, ਲੁਹਾਰ, ਕਹਾਰ, ਰਾਮਦਾਸੀਏ ਤੇ ਵਾਲਮੀਕ ਭਾਈਚਾਰੇ ਦੇ ਲੋਕ ਵਸਦੇ ਸਨ ਜਿਨ੍ਹਾਂ ਦੇ ਗੋਤ ਛੜਾਣਾ, ਜਸਪਾਲ ਤੇ ਬੈਨੀਪਾਲ ਆਦਿ ਸਨ। ਪਿੰਡ ਵਿੱਚ ਦੋ ਖੂਹ ਹੁੰਦੇ ਸਨ ਅਤੇ ਇੱਕ ਵੱਡਾ ਟੋਭਾ ਹੁੰਦਾ ਸੀ। ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ ਤੇ ਕਈ ਜ਼ਿਮੀਂਦਾਰ ਗੱਡਿਆਂ ਰਾਹੀਂ ਭਾੜਾ ਢੋਂਹਦੇ ਸਨ। ਆਟਾ ਪਿਸਾਉਣ ਲਈ ਮਨੀਮਾਜਰਾ ਅਤੇ ਪੰਚਕੂਲਾ ਦੇ ਘਰਾਟਾਂ ਤੇ ਜਾਂਦੇ ਸਨ ਕਿਉਂਕਿ ਨੇੜੇ ਹੋਰ ਕੋਈ ਆਟਾ-ਚੱਕੀ ਨਹੀਂ ਸੀ। ਲੋਕਾਂ ਨੂੰ ਮਨਸਾ ਦੇਵੀ ਦਾ ਮੇਲਾ ਦੇਖਣ ਦੀ ਉਡੀਕ ਰਹਿੰਦੀ ਸੀ। ਪਿੰਡ ਦੀ ਧਰਮਸ਼ਾਲਾ ਵਿੱਚ ਸਾਂਝੇ ਸਮਾਗਮ ਹੁੰਦੇ ਸਨ। ਬੱਚਿਆਂ ਦੇ ਪੜ੍ਹਨ ਲਈ ਕੋਈ ਸਕੂਲ ਨਹੀਂ ਸੀ। ਅੰਬਾਂ ਦੇ ਬਾਗ਼ ਕਾਫ਼ੀ ਸਨ। ਹਾੜ੍ਹੀ-





*ਆਈ.ਟੀ.ਆਈ. ਸੈਕਟਰ 28-ਸੀ*

ਸਾਉਣੀ ਦੀਆਂ ਫ਼ਸਲਾਂ ਕਣਕ, ਕਮਾਦ, ਮੂੰਗਫਲੀ, ਮੱਕੀ, ਧਾਨ, ਜੁਆਰ, ਬਾਜਰਾ, ਮੂੰਗੀ ਤੇ ਕਪਾਹ ਆਦਿ ਹੁੰਦੀਆਂ ਸਨ।

ਪਿੰਡ ਦੇ ਉਜਾੜੇ ਦੇ ਹੁਕਮ ਹੋਣ 'ਤੇ ਸਰਕਾਰੀ ਅਧਿਕਾਰੀਆਂ ਨੇ ਘਰਾਂ ਅਤੇ ਜ਼ਮੀਨਾਂ ਦੀਆਂ ਕੀਮਤਾਂ ਦੇ ਕੇ ਬਲਡੋਜ਼ਰੀ ਹੁਕਮ ਲਾਗੂ ਕਰ ਦਿੱਤਾ। ਇਸ ਪਿੰਡ ਦੀ ਜ਼ਮੀਨ 'ਤੇ ਸੈਕਟਰ 28 ਬਣਿਆ ਹੋਇਆ ਹੈ। ਇਸ ਜਗ੍ਹਾ 'ਤੇ ਪਿੰਡ ਵੇਲੇ ਦਾ ਗੁੱਗਾ ਮਾੜੀ ਅਤੇ ਸ਼ਿਵ ਮੰਦਰ ਅਜੇ ਵੀ ਹਨ। ਪੁਰਾਣਾ ਬੋਹੜ ਵੀ ਖੜ੍ਹਾ ਹੈ। ਇਸ ਪਿੰਡ ਵਿੱਚੋਂ ਉੱਠੇ ਲੋਕਾਂ ਨੇ ਪੰਚਕੂਲਾ, ਚਿਤਾਮਲੀ, ਸੁਆੜਾ, ਤੰਗੋਰੀ, ਬੁੱਢਣਪੁਰ, ਮਨੀਮਾਜਰਾ, ਗਿੱਦੜਪੁਰ ਆਦਿ ਥਾਵਾਂ 'ਤੇ ਵਾਸਾ ਕੀਤਾ। ਹਰਿਆਣਾ ਬਣਨ ਨਾਲ ਬੁੱਢਣਪੁਰ ਤੇ ਮਨੀਮਾਜਰਾ ਤੋਂ ਵੀ ਉਜਾੜੇ ਦੀ ਮਾਰ ਝੱਲਣੀ ਪਈ। ਲੋਕਾਂ ਦੀ ਮੰਗ ਹੈ ਕਿ ਜਿਸ ਜ਼ਮੀਨ ਤੇ ਆਈ. ਟੀ. ਆਈ. ਸਰਕਾਰੀ ਅਦਾਰਾ ਬਣਿਆ ਹੈ, ਉਸ ਦਾ ਨਾਂ ਪਿੰਡ ਗੁਰਦਾਸਪੁਰਾ 'ਤੇ ਰੱਖਿਆ ਜਾਵੇ ਤੇ ਨੌਕਰੀ ਜਾਂ ਦਾਖਲੇ ਲਈ ਪਿੰਡ ਵਾਸੀਆਂ ਨੂੰ ਕੋਈ ਨਾ ਕੋਈ ਤਰਜੀਹ ਦਿੱਤੀ ਜਾਵੇ।



*ਦਰਸ਼ਨ ਸਿੰਘ*



*ਅਮਰੀਕ ਸਿੰਘ*



*ਕਿਰਪਾਲ ਸਿੰਘ*



*ਗੁਰਨਾਮ ਸਿੰਘ*

ਇਸ ਪਿੰਡ ਦੇ ਲੋਕ ਨਿਡਰ ਤਬੀਅਤ ਦੇ ਸਨ। ਪਿੰਡ ਦੇ ਕਈ ਵਿਅਕਤੀਆਂ ਨੇ ਫ਼ੌਜ ਵਿੱਚ ਸੇਵਾਵਾਂ ਨਿਭਾਈਆਂ। ਬਸੰਤ ਸਿੰਘ, ਪ੍ਰੀਤਮ ਸਿੰਘ, ਕਾਲਾ ਸਿੰਘ ਤੇ ਕਈ ਹੋਰ ਜਣੇ ਫ਼ੌਜੀ ਕਰਕੇ ਜਾਣੇ ਜਾਂਦੇ ਸਨ। ਬੁੱਢਣਪੁਰ ਵਸਦੇ ਦਰਸ਼ਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਬਾਬਾ ਦਿਆਲ ਸਿੰਘ ਨੇ ਬ੍ਰਿਟਿਸ਼ ਰਾਜ ਸਮੇਂ ਦੇਸ਼ ਦੀ ਆਜ਼ਾਦੀ ਲਈ ਮਿੰਟਗੁਮਰੀ ਦੀ ਜੇਲ੍ਹ ਕੱਟੀ ਸੀ। ਪਿੰਡ ਵਿੱਚ ਉਨ੍ਹਾਂ ਨੂੰ ਹਕੀਮ ਜੀ ਕਹਿੰਦੇ ਸਨ। ਭਗਤ ਆਸਾ ਰਾਮ ਸੁਹਾਣੇ ਵਾਲੇ ਬੈਦਵਾਣ ਦਾ ਗਾਉਣ ਹੁਣ ਵੀ ਲੋਕ ਯਾਦ ਕਰਦੇ ਹਨ। ਪਿੰਡ ਦੇ ਪ੍ਰਮੁੱਖ ਵਿਅਕਤੀਆਂ ਵਿੱਚ ਮਾਸਟਰ ਅਮੀ ਸਿੰਘ, ਗੁਰਨਾਮ ਸਿੰਘ, ਸੰਤ ਸਿੰਘ, ਸੰਪੂਰਨ ਸਿੰਘ, ਸੰਤ ਰਾਮ, ਹਜਾਰਾ ਸਿੰਘ, ਰੂਪ ਚੰਦ, ਨਸੀਬ ਸਿੰਘ, ਇੰਦਰ ਸਿੰਘ, ਨਿੱਕਾ ਸਿੰਘ, ਗੋਪਾ ਸਿੰਘ, ਜੁਗਲ ਸਿੰਘ, ਗੁਰਦਿਆਲ ਸਿੰਘ, ਰਾਮ ਸਿੰਘ ਤੇ ਭਾਨ ਸਿੰਘ ਦੇ ਨਾਮ ਜ਼ਿਕਰਯੋਗ ਹਨ।

# 13. ਬਜਵਾੜੀ ਕਰਮ ਚੰਦ ਦੀ ਦਾਸਤਾਨ



*ਸੈਕਟਰ 23 ਦੀ ਪਾਰਕ*

ਚੰਡੀਗੜ੍ਹ ਵੱਲੋਂ ਗ੍ਰਸੇ ਪਿੰਡਾਂ ਵਿੱਚ 'ਬਜਵਾੜੀ ਕਰਮ ਚੰਦ' ਦਾ ਨਾਮ ਵੀ ਆਉਂਦਾ ਹੈ। ਇਸ ਪਿੰਡ ਦਾ ਮੁੱਢ ਬੱਝਣ ਬਾਰੇ ਦੱਸਿਆ ਜਾਂਦਾ ਹੈ ਕਿ ਕਿਸੇ ਸਮੇਂ ਬਜਵਾੜਾ ਦਾ ਜ਼ਿਮੀਂਦਾਰ ਕਰਮ ਚੰਦ ਘੋੜੇ 'ਤੇ ਸਵਾਰ ਹੋ ਕੇ ਪਿੰਡ ਨੂੰ ਬੰਨ੍ਹਣ ਲਈ ਬੰਨਾ ਉਲੀਕਦਾ ਗਿਆ ਤੇ ਨਿੰਮ ਦਾ ਦਰੱਖ਼ਤ ਲਾ ਕੇ ਪਿੰਡ ਦਾ ਖੇੜਾ ਸਥਾਪਤ ਕਰ ਦਿੱਤਾ। ਉਸ ਦੇ ਨਾਮ 'ਤੇ ਹੀ ਪਿੰਡ ਦਾ ਨਾਮ ਪਿਆ।


ਬਜਵਾੜੀ ਕਰਮ ਚੰਦ ਨਾਲ ਸਬੰਧਤ ਬਜ਼ੁਰਗ ਗੁਰਚਰਨ ਸਿੰਘ ਨੇ ਦੱਸਿਆ ਕਿ ਜਦੋਂ ਚੰਡੀਗੜ੍ਹ ਵਸਾਉਣ ਲਈ 1952 ਵਿੱਚ ਇਸ ਪਿੰਡ ਦੇ ਉਠਾਲੇ ਦੇ ਹੁਕਮ ਹੋਏ ਤਾਂ ਉਸ ਦੀ ਉਮਰ ਚੌਦਾਂ-ਪੰਦਰਾਂ ਸਾਲ ਸੀ। ਇਸ ਪਰਿਵਾਰ ਅਤੇ ਛੇ-ਸੱਤ ਹੋਰ ਪਰਿਵਾਰਾਂ ਨੂੰ ਸਨੇਟੇ ਕੋਲ ਪਿੰਡ ਧੀਰਪੁਰ ਵਿੱਚ ਵਸੇਬੇ ਲਈ ਜ਼ਮੀਨ ਤੇ ਮਕਾਨ ਦਿੱਤੇ ਗਏ। ਇਹ ਜ਼ਮੀਨ ਉਸ ਵੇਲੇ ਮਨੌਲੀ ਵਾਲੇ ਸਰਦਾਰ ਦੀ ਹੁੰਦੀ ਸੀ। ਬਜਵਾੜੀ ਕਰਮ ਚੰਦ 'ਚੋਂ ਗਏ ਕੁਲਦੀਪ ਸਿੰਘ ਨੇ ਦੱਸਿਆ ਕਿ ਪਿੰਡ ਧੀਰਪੁਰ ਆ ਕੇ ਬਹੁਤ ਮਿਹਨਤ ਕਰਨੀ ਪਈ।

ਪਿੰਡ ਬਜਵਾੜੀ ਕਰਮ ਚੰਦ ਦੀ ਸ਼ਾਮਲਾਟ ਜ਼ਮੀਨ 200 ਵਿੱਘੇ ਸੀ ਜਿਸ ਵਿੱਚੋਂ ਕੁਝ ਜ਼ਮੀਨ ਪਿੰਡ ਫੇਲਪੁਰ ਦਿੱਤੀ ਗਈ ਜਿਸ ਦਾ ਇੰਤਕਾਲ ਹੁਣ ਤੱਕ ਨਹੀਂ ਹੋਇਆ। ਪਿੰਡ ਵਿੱਚ ਕੁੱਲ 10 ਘਰ ਹੁੰਦੇ ਸਨ। ਇਨ੍ਹਾਂ ਵਿੱਚੋਂ ਸੱਤ ਜ਼ਿਮੀਂਦਾਰਾਂ, ਇੱਕ ਬ੍ਰਾਹਮਣਾਂ ਤੇ ਦੋ ਰਾਮਦਾਸੀਆਂ ਦੇ ਘਰ ਸਨ। ਜ਼ਿਮੀਂਦਾਰ ਧੀਰਪੁਰ, ਬ੍ਰਾਹਮਣ ਖਾਨਪੁਰ ਤੇ ਰਾਮਦਾਸੀਏ ਮੁੰਡੀ ਖਰੜ ਜਾ ਵਸੇ। ਇਸ ਪਿੰਡ ਦੀ ਜ਼ਮੀਨ 'ਤੇ 23 ਸੈਕਟਰ ਦੀ ਰੋਜ਼ ਨਰਸਰੀ, ਕੋਠੀਆਂ ਤੇ ਹੋਰ ਅਦਾਰੇ ਬਣੇ। ਪਿੰਡ ਦੀ ਜ਼ਮੀਨ ਸੈਕਟਰ 22 ਦੇ ਅਰੋਮਾ ਹੋਟਲ ਤੱਕ ਲੰਮੀ ਕਾਤਰ ਵਾਂਗ ਸੀ। ਪਿੰਡ ਦੀ ਵੱਸੋਂ 150 ਦੇ ਕਰੀਬ ਦੱਸੀ ਜਾਂਦੀ ਹੈ। ਪਿੰਡ ਵਿੱਚ ਸਕੂਲ ਨਾ ਹੋਣ ਕਾਰਨ ਬੱਚੇ ਪਿੰਡ ਕੈਲੜ ਦੇ ਸਕੂਲ ਵਿੱਚ ਪੜ੍ਹਨ ਜਾਂਦੇ ਸਨ। ਕੋਈ ਧਰਮਸ਼ਾਲਾ, ਮੰਦਰ ਤੇ ਗੁਰਦੁਆਰਾ ਵੀ ਨਹੀਂ ਸੀ।

ਬਜਵਾੜੀ ਕਰਮ ਚੰਦ ਦਾ ਨੰਬਰਦਾਰ ਨੱਥਾ ਸਿੰਘ ਸੀ ਜੋ ਸਰਪੰਚ ਵੀ ਰਿਹਾ। ਚੌਕੀਦਾਰ ਨੇੜਲੇ ਪਿੰਡ ਸ਼ਾਹਪੁਰ ਦਾ ਭਊਆ ਹੁੰਦਾ ਸੀ। ਲਿਖਤ-ਪੜ੍ਹਤ ਕਰਨ ਲਈ ਪਿੰਡ ਬਜਵਾੜਾ

ਦਾ ਪੰਡਿਤ ਗੌਰੀ ਸ਼ੰਕਰ ਆਉਂਦਾ ਹੁੰਦਾ ਸੀ। ਇਸ ਪਿੰਡ ਦੇ ਲਾਗਲੇ ਪਿੰਡ ਕੈਲੜ, ਬਜਵਾੜਾ, ਰੁੜਕੀ ਪੜਾਓ ਤੇ ਕਾਲੀਬੜ ਸਨ। ਪਿੰਡ ਵਿੱਚ ਚਾਰ ਖੂਹ ਹੁੰਦੇ ਸਨ। ਦੋ ਜ਼ਿਮੀਂਦਾਰਾਂ ਦੇ, ਇੱਕ ਬ੍ਰਾਹਮਣਾਂ ਦਾ ਤੇ ਇੱਕ ਖੂਹ ਰਾਮਦਾਸੀਆਂ ਦਾ । ਤਿੰਨ ਟੋਭੇ (ਛੱਪੜ) ਸਨ, ਉਪਰਲੇ ਪਾਸੇ ਵਾਲਾ ਟੋਭਾ, ਛਪੜੀ ਵਾਲਾ ਟੋਭਾ ਦੇ ਬਰੋਟੇ ਵਾਲਾ ਟੋਭਾ। ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਮੂੰਗਫਲੀ, ਕਮਾਦ, ਕਣਕ, ਮੱਕੀ, ਮੇਥੇ, ਚਰੀ, ਕਾਲੇ ਧਾਨ, ਛੋਲੇ, ਸਰ੍ਹੋਂ, ਤਾਰਾਮੀਰਾ, ਮਸਰੀ ਤੇ ਮੂੰਗੀ ਆਦਿ ਫ਼ਸਲਾਂ ਹੁੰਦੀਆਂ ਸਨ। ਪਿੰਡ ਦੀ ਇੱਕ ਹੀ ਘੁਲਾੜੀ ਹੁੰਦੀ ਸੀ ਤੇ ਵਾਰੀ-ਵਾਰੀ ਕਮਾਦ ਪੀੜਨ ਦੀ ਸਾਂਝ ਪੁਗਾਈ ਜਾਂਦੀ ਸੀ। ਪਿੰਡ ਦੇ ਕਾਰ-ਵਿਹਾਰ ਸਾਰੇ ਰਲ-ਮਿਲ ਕੇ ਕਰਦੇ ਸਨ। ਟਿੰਡਾਂ ਵਾਲੇ ਦੋ ਹਲਟ ਸਨ। ਇੱਕ ਉਪਰਲਾ ਹਲਟ 'ਤੇ ਇੱਕ ਨੰਬਰਦਾਰ ਨੱਥਾ ਸਿੰਘ ਦਾ ਹਲਟ। ਗਲੀਆਂ ਅਤੇ ਘਰ ਕੱਚੇ ਸਨ। ਘਰਾਂ ਦੀ ਬਣਤਰ ਦੀ ਗੱਲ ਕੀਤੀ ਜਾਵੇ ਤਾਂ ਮੂਹਰੇ ਬੈਠਕਾਂ, ਕੋਠੜੀਆਂ, ਡਿਓਢੀ, ਪਸ਼ੂਆਂ ਲਈ ਤਬੇਲਾ, ਛੱਪਰ ਤੇ ਛੰਨਾਂ ਹੁੰਦੀਆਂ ਸਨ। ਆਟਾ-ਚੱਕੀ ਨਾ ਹੋਣ ਕਾਰਨ ਖਰੜ ਰਲੇ ਰਾਮ ਦੇ ਇੰਜਣ 'ਤੇ ਆਟਾ ਤੇ ਦੈੜ ਕਢਵਾਉਣ ਜਾਣਾ ਪੈਂਦਾ ਸੀ।

ਪੂਰਾ ਪਿੰਡ ਇੱਕ ਟੱਬਰ ਵਾਂਗ ਰਹਿੰਦਾ ਸੀ। ਤੀਵੀਆਂ ਰਲ-ਮਿਲ ਕੇ ਦੀਵਾਲੀ , ਦਸਹਿਰਾ, ਲੋਹੜੀ, ਸਾਂਝੀ ਮਾਈ, ਗੜਬੜਿਆਂ ਦੇ ਤਿਉਹਾਰ ਮਨਾਉਣ ਲਈ ਪਿੰਡ ਦੀ ਲਿੱਪਾ-ਪੋਚੀ ਕਰਦੀਆਂ ਸਨ। ਅੰਬਾਂ ਅਤੇ ਜਮੋਇਆਂ ਦੇ ਬਾਗ਼ਾਂ ਨੂੰ ਹੁਣ ਵੀ ਲੋਕੀਂ ਯਾਦ ਕਰਦੇ ਰਹਿੰਦੇ ਹਨ। ਇਸ ਪਿੰਡ ਦੇ ਸਰਬਣ ਸਿੰਘ, ਬਖਤੌਰ ਸਿੰਘ, ਦਿਆਲ ਸਿੰਘ, ਮੇਹਰ ਸਿੰਘ, ਭਜਨ ਸਿੰਘ ਤੇ ਸਰਦਾਰਾ ਸਿੰਘ ਫ਼ੌਜ ਵਿੱਚ ਸੇਵਾਵਾ ਨਿਭਾਅ ਚੁੱਕੇ ਹਨ। ਰਣਜੀਤ ਸਿੰਘ, ਮਲ੍ਹਾਰ ਸਿੰਘ, ਮਹਿਮਾ ਸਿੰਘ, ਦਿਆਲ ਸਿੰਘ ਤੇ ਉਜਾਗਰ ਸਿੰਘ ਪਿੰਡ ਦੇ ਮੁਹਤਬਰਾਂ ਵੱਜੋਂ ਜਾਣੇ ਜਾਂਦੇ ਸਨ।




*ਨੰਬਰਦਾਰ ਰਣਜੀਤ ਸਿੰਘ*



*ਨੰਬਰਦਾਰ ਗੁਰਚਰਨ ਸਿੰਘ*

# 14. ਦਲਹੇੜੀ ਰਾਜਪੂਤਾਂ ਦੀ ਦਾਸਤਾਨ




*ਸੈਕਟਰ 28 ਦੀ ਮਾਰਕੀਟ*


ਪਿੰਡ ਦਲਹੇੜੀ ਰਾਜਪੂਤਾਂ (ਅਮਰ ਸਿੰਘ) ਚੰਡੀਗੜ੍ਹ ਦੇ ਪਹਿਲੇ ਉਠਾਲੇ (1952) ਵੇਲੇ ਉਜਾੜੇ ਦੀ ਮਾਰ ਹੇਠ ਆਇਆ। ਇਸ ਪਿੰਡ ਦੇ ਉੱਤਰ-ਪੂਰਬ ਵੱਲ ਸੁਖਨਾ ਨੇੜਲਾ ਪਹਾੜੀ ਇਲਾਕਾ ਲੱਗਦਾ ਸੀ। ਇਸ ਪਿੰਡ ਦਾ ਬੰਨਾ ਗੁਰਦਾਸਪੁਰ, ਦਲਹੇੜੀ ਜੱਟਾਂ, ਭੰਗੀਮਾਜਰਾ ਤੇ ਨਗਲੇ ਨਾਲ ਲੱਗਦਾ ਸੀ। ਰਾਜਪੂਤ ਅਮਰ ਸਿੰਘ (ਚੌਧਰੀ) ਇਸ ਪਿੰਡ ਦਾ ਸਿਰਕੱਢ ਵਿਅਕਤੀ ਸੀ ਜਿਸ ਦੇ ਨਾਮ 'ਤੇ ਇਸ ਪਿੰਡ ਨੂੰ ਜਾਣਿਆ ਜਾਂਦਾ ਸੀ। ਇਸ ਪਿੰਡ ਵਿੱਚ 10 ਘਰ ਚੌਧਰੀਆਂ ਦੇ, ਇੱਕ ਬ੍ਰਾਹਮਣਾਂ ਦਾ, ਦੋ ਘਰ ਰਾਮਦਾਸੀਆਂ ਦੇ ਤੇ ਦੋ ਘਰ ਬਾਲਮੀਕੀਆਂ ਦੇ ਸਨ। ਪਿੰਡ ਦੀ ਆਬਾਦੀ 150 ਦੇ ਕਰੀਬ ਸੀ।

ਇਸ ਪਿੰਡ ਵਿੱਚ ਕੋਈ ਸਕੂਲ ਨਹੀਂ ਸੀ। ਪਿੰਡ ਦੀ ਧਰਮਸ਼ਾਲਾ ਅਤੇ ਖੇੜਾ ਉਜਾੜੇ ਨੇ ਗ੍ਰਸ ਲਏ। ਪਿੰਡ ਵਿੱਚ ਇੱਕ ਹੀ ਖੂਹ ਹੁੰਦਾ ਸੀ। ਮਨੀਮਾਜਰਾ ਸ਼ਹਿਰ ਨੇੜੇ ਪੈਂਦਾ ਸੀ ਜਿੱਥੋਂ ਲੋਕ ਖ਼ਰੀਦੋ-ਫਰੋਖ਼ਤ ਕਰਦੇ ਸਨ। ਇਸ ਪਿੰਡ ਦੇ ਰਾਜਪੂਤਾਂ ਦਾ ਗੋਤ ਕੌਸ਼ਿਲ (ਰਘੂਬੰਸੀ) ਸੀ। ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਕਣਕ, ਕਪਾਹ, ਮੱਕੀ, ਮੂੰਗਫਲੀ, ਮਸਰੀ, ਛੋਲੇ, ਰਾਇਆ, ਸੂੰਹ, ਮਾਂਹ ਤੇ ਕਾਲੇ ਧਾਨ ਦੀਆਂ ਫ਼ਸਲਾਂ ਹੁੰਦੀਆਂ ਸਨ। ਹਿੰਦੂ ਭਾਈਚਾਰੇ ਦੇ ਲੋਕ ਸਤੀ ਅਤੇ ਸ਼ਿਵਦਿਆਲਾ ਅਸਥਾਨਾਂ 'ਤੇ ਪੂਜਾ ਕਰਦੇ ਸਨ। ਪਿੰਡ ਦੇ ਮੁਹਤਬਰਾਂ ਵਿੱਚ ਗੁਲਾਮ ਸਿੰਘ, ਆਤਮਾ ਰਾਮ, ਚੌਧਰੀ ਸੁੰਦਰ ਸਿੰਘ ਫ਼ੌਜੀ ਤੇ ਬੀਰ ਸਿੰਘ ਦੇ ਨਾਮ ਆਉਂਦੇ ਹਨ। ਉਠਾਲੇ ਵੇਲੇ ਪਿੰਡ ਵਾਸੀਆਂ ਨੂੰ ਚੋਲਟਾ ਖੁਰਦ, ਕਾਲਪੀ (ਹਰਿਆਣਾ), ਬਤੌੜ (ਹਰਿਆਣਾ), ਭਰੈਲਾ ਨਵਾਂ ਗਰਾਓਂ (ਹਰਿਆਣਾ) ਆਦਿ ਥਾਵਾਂ 'ਤੇ ਜ਼ਮੀਨਾਂ ਦਿੱਤੀਆਂ ਗਈਆਂ। ਚੌਧਰੀ ਮਾਤੂ ਰਾਮ ਦੱਸਦਾ ਹੈ ਕਿ ਉਨ੍ਹਾਂ ਦੇ ਪਿਤਾ ਚੌਧਰੀ

ਅਮਰ ਸਿੰਘ ਕੋਲ 60-70 ਕੀਲੇ ਜ਼ਮੀਨ ਸੀ ਪਰ ਉਠਾਲੇ ਵੇਲੇ ਅੱਧੀ ਜ਼ਮੀਨ ਹੀ ਪਿੰਡ ਚੋਲਟਾ ਖੁਰਦ (ਨੇੜੇ ਖਰੜ) ਦਿੱਤੀ ਗਈ। ਬਾਕੀ ਜ਼ਮੀਨ ਦਾ ਕੇਸ ਅਜੇ ਵੀ ਲਟਕ ਰਿਹਾ ਹੈ। ਇਸ ਪਿੰਡ ਦੀ ਜ਼ਮੀਨ ਚੰਡੀਗੜ੍ਹ ਦੇ ਸੈਕਟਰ 28 ਲਈ ਚੁਣੀ ਗਈ। ਕੁਝ ਜ਼ਮੀਨ ਸੈਕਟਰ 26 ਅਤੇ 27 ਵਿੱਚ ਵੀ ਪੈਂਦੀ ਹੈ।



ਮਾਤੂ ਰਾਮ



ਹਰਮੇਸ਼

# 15. ਦਲਹੇੜੀ ਜੱਟਾਂ ਦੀ ਦਾਸਤਾਨ




*ਸੈਕਟਰ 26 ਦੀ ਮਾਰਕੀਟ*

ਪਿੰਡ ਦਲਹੇੜੀ ਜੱਟਾਂ ਪਹਿਲੇ ਉਠਾਲੇ (1952) ਵਿੱਚ ਉਜਾੜੇ ਦਾ ਸ਼ਿਕਾਰ ਹੋਇਆ। ਇਸ ਪਿੰਡ ਦੀ ਜ਼ਮੀਨ ਦਾ ਬੰਨਾ ਪਿੰਡ ਗੁਰਦਾਸਪੁਰ, ਨਗਲਾ, ਕੰਚਨਪੁਰਾ, ਕਾਲੀਬੜ ਤੇ ਮਨੀਮਾਜਰਾ ਨੂੰ ਲਗਦਾ ਸੀ। ਇੱਕ ਅਨੁਮਾਨ ਅਨੁਸਾਰ ਜ਼ਿਮੀਂਦਾਰਾਂ ਦੀ ਜ਼ਮੀਨ ਦਾ ਰਕਬਾ ਤਿੰਨ ਹਜ਼ਾਰ ਵਿੱਘੇ ਸੀ। ਲਗਪਗ 20 ਕੁ ਘਰ ਜ਼ਿਮੀਂਦਾਰਾਂ ਦੇ ਸਨ ਜਿੰਨ੍ਹਾਂ ਦੇ ਗੋਤ ਟਿਵਾਣਾ ਤੇ ਮਾਵੀ ਸਨ। ਦੋ ਘਰ ਘੁਮਿਆਰਾਂ ਦੇ, ਦੋ ਘਰ ਰਾਮਦਾਸੀਆਂ ਦੇ, ਦੋ ਘਰ ਤੇਲੀਆਂ ਦੇ ਤੇ ਕੁਝ ਘਰ ਹੋਰ ਭਾਈਚਾਰਿਆਂ ਦੇ ਸਨ। ਪਿੰਡ ਵਿੱਚ ਭਾਈਚਾਰਕ ਸਾਂਝ ਬਹੁਤ ਸੀ। ਦੱਸਿਆ ਜਾਂਦਾ ਹੈ ਕਿ ਬਹੁਤੇ ਲੋਕ ਭਾਵੇਂ ਅਨਪੜ੍ਹ ਸਨ ਪਰ ਸਾਊ ਸੁਭਾਅ ਦੇ ਮਾਲਕ ਸਨ।

ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਕਣਕ, ਮੱਕੀ, ਕਮਾਦ, ਚਣੇ, ਅਰਹਰ, ਕਾਲੇ ਧਾਨ, ਮੂੰਗਫ਼ਲੀ, ਕਪਾਹ , ਸਣ, ਸਣੀ, ਮਸਰੀ, ਸੂੰਹ ਤੇ ਸਰ੍ਹੋਂ ਆਦਿ ਫ਼ਸਲਾਂ ਹੁੰਦੀਆਂ ਸਨ। ਪਿੰਡ ਦਲਹੇੜੀ ਜੱਟਾਂ ਦੇ ਉੱਜੜ ਕੇ ਵੱਸੇ ਪਿੰਡ ਮਟੌਰ ਵਿੱਚ ਬਜ਼ੁਰਗ ਰਤਨ ਸਿੰਘ ਵਲਦ ਗੋਪਾਲਾ ਨੇ ਉਠਾਲੇ ਵੇਲੇ ਬਹੁਤ ਬਿਪਤਾ ਝੱਲੀ। ਮੇਰੇ ਸ਼ਗਿਰਦ ਜਗਦੀਪ ਸਿੰਘ ਬੈਦਵਾਣ ਨੇ ਦੱਸਿਆ ਕਿ ਬਜ਼ੁਰਗ ਰਤਨ ਸਿੰਘ ਨੂੰ ਮਟੌਰ ਵਿੱਚੋਂ ਵੀ ਉਸ ਦੀ ਜ਼ਮੀਨ ਐਸ. ਏ. ਐਸ. ਨਗਰ ਦੇ ਸੈਕਟਰਾਂ ਵਿੱਚ ਆਉਣ ਕਾਰਨ ਮੁੜ ਹੋਰ ਥਾਂ ਲੈਣੀ ਪਈ। ਇਹ ਬਿਪਤਾ ਇੱਥੇ ਆ ਕੇ ਵਸੇ ਹੋਰ ਜ਼ਿਮੀਂਦਾਰਾਂ ਨੂੰ ਵੀ ਹੰਢਾਉਣੀ ਪਈ। ਗੋਪਾਲਾ ਬਾਣੀਆ ਚੰਗੇ ਸੁਭਾਅ ਵਾਲਾ ਸੀ ਤੇ ਕਾਲਕਾ ਤੱਕ ਵਪਾਰ ਕਰਦਾ ਹੁੰਦਾ ਸੀ।



*ਰਤਨ ਸਿੰਘ ਮਾਵੀ*



*ਰਚਨ ਸਿੰਘ ਟਿਵਾਣਾ*

ਬਜ਼ੁਰਗ ਰਤਨ ਸਿੰਘ ਨੇ ਦੱਸਿਆ ਕਿ ਪਿੰਡ ਵਿੱਚ ਜੱਟ ਸਿੱਖਾਂ ਦੇ ਘਰ ਪੱਕੇ ਚੁਬਾਰਿਆਂ ਵਾਲੇ ਹੁੰਦੇ ਸਨ ਤੇ ਪਸ਼ੂਆਂ ਲਈ ਛੱਪਰ ਪਾਏ ਹੁੰਦੇ ਸਨ। ਘੋੜੀਆਂ ਪਾਲਣ ਦਾ ਬੜਾ ਸ਼ੌਕ ਹੁੰਦਾ ਸੀ। ਈਸਰ, ਹਜ਼ੂਰਾ ਤੇ ਬਸੰਤਾ ਦੇ

ਘਰ ਰੱਥ ਹੁੰਦੇ ਸਨ ਜੋ ਵਿਆਹ-ਸ਼ਾਦੀਆਂ ਵਿੱਚ ਪੂਰੇ ਸ਼ਿੰਗਾਰ ਕੇ ਲਿਜਾਏ ਜਾਂਦੇ ਸਨ। ਸਰਦੀਆਂ ਵਿੱਚ ਘੁਲਾੜੀਆਂ ਚੱਲਦੀਆਂ ਸਨ। ਰਸ ਪੀਣ ਲਈ ਅਤੇ ਚੱਕ ਦੁਆਲੇ ਬੈਠ ਕੇ ਤੱਤਾ-ਤੱਤਾ ਗੁੜ ਖਾਣ ਲਈ ਲੋਕ ਆ ਜੁੜਦੇ ਸਨ। ਪਿੰਡ ਵਿੱਚ ਕੋਈ ਸਕੂਲ ਨਹੀਂ ਸੀ। ਦੋ ਖੂਹ ਤੇ ਇੱਕ ਹਲਟ ਹੁੰਦਾ ਸੀ। ਤਿੰਨ ਟੋਭੇ ਹੁੰਦੇ ਸਨ : ਸ਼ਰੀਹੇ ਵਾਲਾ, ਭੰਬੂਲਾਂ ਵਾਲਾ ਤੇ ਮੁਰਦ ਵਾਲਾ। ਧਰਮਸ਼ਾਲਾ ਦੇ 25-30 ਖਣ ਸਨ ਜਿੱਥੇ ਬਰਾਤਾਂ ਠਹਿਰਦੀਆਂ ਸਨ। ਖੇੜਾ ਕੱਚਾ ਸੀ। ਉਜਾੜੇ ਸਮੇਂ ਕੋਈ ਵੀ ਨਿਸ਼ਾਨੀ ਬਾਕੀ ਨਹੀਂ ਰਹੀ। ਪਿੰਡ ਮਟੌਰ ਤੋਂ ਬਿਨਾਂ ਕੁਝ ਘਰ ਬੰਨ੍ਹਮਾਜਰਾ, ਰਾਮਗੜ੍ਹ ਦੇ ਨੇੜੇ ਪਿੰਡ ਖੰਗੇਸਰਾ (ਕੋਟ ਬਿੱਲਾ) ਜਾ ਵੱਸੇ ਜਿੱਥੇ ਜ਼ਮੀਨਾਂ ਤੇ ਘਰ ਵਸੇਬੇ ਲਈ ਦਿੱਤੇ ਗਏ ਸਨ। ਪਿੰਡ ਦੇ ਡੰਗਰਾਂ (ਮੱਝਾਂ , ਗਊਆਂ ਤੇ ਬੱਕਰੀਆਂ) ਨੂੰ ਚਰਨ ਲਈ ਬਹੁਤ ਦੂਰ-ਦੂਰ ਤੱਕ ਚਰਾਂਦਾਂ ਹੁੰਦੀਆਂ ਸਨ। ਬਾਗ਼ ਬਹੁਤ ਹੁੰਦੇ ਸਨ। ਅੰਬ, ਜਾਮਣ, ਜਮੋਏ, ਪਿੱਪਲ, ਬਰੋਟੇ (ਬੋਹੜ) ਨਿੰਮ, ਕਿੱਕਰਾਂ ਤੇ ਬੇਰੀਆਂ ਆਮ ਹੁੰਦੀਆਂ ਸਨ। ਚੁੱਲ੍ਹੇ ਦੇ ਬਾਲਣ ਲਈ ਪਾਥੀਆਂ ਦੇ ਗੁਹਾਰੇ ਬਹੁਤ ਹੁੰਦੇ ਸਨ।

ਪਿੰਡ ਦੇ ਲੋਕੀਂ ਘਰੇਲੂ ਸਾਮਾਨ ਖ਼ਰੀਦਣ ਲਈ ਮਨੀਮਾਜਰਾ ਜਾਂਦੇ ਸਨ। ਪੰਚਕੂਲਾ ਤੇ ਮਨੀਮਾਜਰਾ ਆਟਾ ਚੱਕੀਆਂ ਅਤੇ ਘਰਾਟਾਂ 'ਤੇ ਆਟਾ ਪਿਸਾਉਣ ਲਈ ਤੇ ਬਲਦਾਂ ਲਈ ਦੈੜ ਤਿਆਰ ਕਰਾਉਣ ਲਈ ਜਾਣਾ ਪੈਂਦਾ ਸੀ। ਬਸੰਤਾ ਨੰਬਰਦਾਰ ਪਿੰਡ ਗੁਰਦਾਸਪੁਰੇ ਭਗਤ ਆਸਾ ਰਾਮ ਬੈਦਵਾਣ (ਸੁਹਾਣਾ) ਦੇ ਸ਼ਾਗਿਰਦ ਪੂਰਨ ਦਾ ਅਖਾੜਾ ਲਗਵਾਉਂਦਾ ਹੁੰਦਾ ਸੀ। ਮਨਸਾ ਦੇਵੀ ਦੇ ਮੇਲੇ ਜਾਣ ਲਈ ਕਈ-ਕਈ ਦਿਨ ਤਿਆਰੀਆਂ ਕਰਦੇ ਸਨ। ਇਹ ਕਹਾਵਤ ਹੁੰਦੀ ਸੀ:

ਮੁੰਜ ਬੱਬੜ ਕਾ ਸੌਦਾ, ਦਰਸ਼ਨ ਦੇਵੀ ਕੇ।


ਸਾਰਾ ਪਿੰਡ ਰਲ-ਮਿਲ ਕੇ ਲੋਹੜੀ ਬਾਲਦਾ ਸੀ। ਗੜਬੜਿਆਂ ਦਾ ਤਿਉਹਾਰ ਪਿੰਡ ਦੇ ਸਾਰੇ ਬੱਚੇ ਟੋਲੀਆਂ ਬੰਨ੍ਹ ਕੇ ਮਨਾਉਂਦੇ ਸਨ। ਦੀਵਾਲੀ ਮੌਕੇ ਘਰਾਂ ਦੀ ਸਜਾਵਟ ਕਰਨ ਵਿੱਚ ਸੁਆਣੀਆਂ ਨੂੰ ਬੜਾ ਚਾਅ ਹੁੰਦਾ ਸੀ। ਸਾਂਝੀ ਮਾਈ ਲਾਉਣ ਲਈ ਤੇ ਗਨਗੌਰਾਂ ਬੀਜਣ ਲਈ ਕੰਜਕਾਂ ਇੱਕ-ਦੂਜੇ ਦੇ ਘਰ ਜਾ ਕੇ ਸਾਂਝ ਪਾਉਂਦੀਆਂ ਸਨ। ਪਿੰਡ ਦੇ ਪ੍ਰਮੁੱਖ ਵਿਅਕਤੀਆਂ ਵਿੱਚ ਬਜ਼ੁਰਗ ਅਤਰੂ, ਬਿਸ਼ਨਾ, ਬਸੰਤਾ, ਪੋਲੋ, ਛੱਜੂ, ਗੋਪਾਲਾ, ਨੰਬਰਦਾਰ ਬਾਬੂ ਸਿੰਘ, ਸੁਰਜਣ ਸਿੰਘ ਤੇ ਨਰ ਸਿੰਘ, ਗੰਡਾ ਸਿੰਘ, ਹਾਕਮ ਸਿੰਘ,ਕੇਹਰ ਸਿੰਘ ਤੇ ਰੌਣਕ ਸਿੰਘ ਦੇ ਨਾਮ ਜ਼ਿਕਰਯੋਗ ਹਨ। ਇਸ ਪਿੰਡ ਦਾ ਜੰਮਪਲ ਪ੍ਰੇਮ ਸਿੰਘ ਪੰਜਾਬ ਦੇ ਨਹਿਰੀ ਵਿਭਾਗ ਵਿੱਚੋਂ ਉੱਚ ਅਹੁਦੇ ਤੋਂ ਸੇਵਾਮੁਕਤ ਹੋਇਆ ਹੈ। ਇਸ ਪਿੰਡ ਦੀ ਜ਼ਮੀਨ ਚੰਡੀਗੜ੍ਹ ਦੇ ਸੈਕਟਰ-26 ਦੀ ਅਨਾਜ ਮੰਡੀ ਲਈ ਨਿਸ਼ਚਿਤ ਕੀਤੀ ਗਈ। ਇਸ ਪਿੰਡ ਦੇ ਗੁਆਂਢੀ ਦਲਹੇੜੀ ਰਾਜਪੂਤਾਂ ਦੋ ਛੋਟੇ-ਛੋਟੇ ਪਿੰਡ ਸਨ ਜੋ ਪਹਿਲੇ ਉਠਾਲੇ ਵਿੱਚ ਉਜਾੜੇ ਗਏ ਸਨ।

# 16. ਉਜਾੜੇ ਦੀ ਮਾਰ ਤੋਂ ਬਚਿਆ ਕਾਂਸਲ

ਚੰਡੀਗੜ੍ਹ ਵਸਾਉਣ ਲਈ ਹੋਏ ਉਠਾਲੇ ਦੌਰਾਨ, ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੁੱਠ ਵਿੱਚ ਵਸਿਆ ਪਿੰਡ ਕਾਂਸਲ ਢਹਿਣੋਂ ਤਾਂ ਬਚ ਗਿਆ ਪਰ ਨਾਲ ਲੱਗਦੀ ਜ਼ਮੀਨ ਐਕੁਆਇਰ ਕਰ ਲਈ ਗਈ। ਇਹ ਪਿੰਡ ਇਸ ਵੇਲੇ ਤਹਿਸੀਲ ਖਰੜ, ਜ਼ਿਲ੍ਹਾ ਐਸ.ਏ.ਐਸ. ਨਗਰ (ਮੁਹਾਲੀ) ਵਿੱਚ ਪੈਂਦਾ ਹੈ।




*ਪ੍ਰਾਚੀਨ ਮੰਦਰ ਮਾਤਾ ਕਾਂਸਾ ਦੇਵੀ*



*ਬਾਬਾ ਜੈਦ ਗਿਰੀ ਦੀ ਸਮਾਧ*

ਸਾਬਕਾ ਸਰਪੰਚ ਰਤਨ ਚੰਦ ਅਨੁਸਾਰ ਇਹ ਪਿੰਡ ਕਈ ਸਦੀਆਂ ਪੁਰਾਣਾ ਹੈ। ਚੰਡੀਗੜ੍ਹ ਵਸਾਉਣ ਲਈ ਪਹਿਲੇ ਉਠਾਲੇ ਸਮੇਂ 1952 ਵਿੱਚ ਇਸ ਪਿੰਡ ਦੀ ਲਗਪਗ 1350 ਏਕੜ ਜ਼ਮੀਨ ਐਕੁਆਇਰ ਕੀਤੀ ਗਈ ਸੀ ਜਿੱਥੇ ਪੰਜਾਬ ਸਕੱਤਰੇਤ, ਹਾਈ ਕੋਰਟ ਤੇ ਰਾਜਿੰਦਰਾ ਪਾਰਕ ਆਦਿ ਬਣੇ ਹੋਏ ਹਨ। ਇਸ ਦੇ ਨਾਲ ਹੀ ਲੱਗਦੇ ਪਿੰਡ ਨਵਾਂ ਗਾਓਂ (ਕਰੌਰਾਂ), ਖੁੱਡਾ ਅਲੀਸ਼ੇਰ ਤੇ ਮਹਿਲੇ ਮਾਜਰਾ ਦੀਆਂ ਜ਼ਮੀਨਾਂ ਵੀ ਲਈਆਂ ਗਈਆਂ। ਇਸ ਪਿੰਡ ਦੀ ਸ਼ਾਮਲਾਟ ਜੰਗਲ ਵਾਲੀ ਜ਼ਮੀਨ ਨੂੰ ਜੰਗਲੀ ਜੀਵਾਂ ਦੀ ਰੱਖ ਲਈ ਕੇਂਦਰ ਸਰਕਾਰ ਨੇ




*ਸੁਖਨਾ ਜੰਗਲੀ ਜੀਵ ਰੱਖ ਕਾਂਸਲ ਦਾ ਗੇਟ*

ਸਾਂਭ ਲਿਆ ਜਿਹੜੀ ਸਾਢੇ ਤਿੰਨ ਕਿਲੋਮੀਟਰ ਖੇਤਰ ਤੱਕ ਫੈਲੀ ਹੋਈ ਹੈ।



*ਪ੍ਰਾਚੀਨ ਪਿੱਪਲ*

ਪਿੰਡ ਕਾਂਸਲ ਵਿੱਚ ਜੱਟ ਸਿੱਖ, ਗੁੱਜਰ, ਬ੍ਰਾਹਮਣ, ਬਾਲਮੀਕੀ, ਤਰਖਾਣ, ਲੁਹਾਰ, ਘੁਮਿਆਰ ਸਮੇਤ ਕਈ ਭਾਈਚਾਰਿਆਂ ਦੇ ਲੋਕ ਵਸਦੇ ਹਨ। ਪਿੰਡ ਦੇ ਚਾਰੇ ਪਾਸੇ ਫਲੈਟ, ਕੋਠੀਆਂ ਤੇ ਹੋਰ ਅਦਾਰੇ ਬਣ ਗਏ ਹਨ। ਪਿੰਡ ਦੇ ਜੱਦੀ ਵਸਨੀਕਾਂ ਦੀ ਆਬਾਦੀ 5 ਹਜ਼ਾਰ ਹੈ। ਬੈਂਸ, ਜੰਗੂ, ਗਿਰੀ ਤੇ ਖੇਪੜ ਗੋਤ ਦੇ ਪਰਿਵਾਰ ਪਹਿਲਾਂ ਤੋਂ ਪਿੰਡ ਵਿੱਚ ਵਸਦੇ ਹਨ। ਹੁਣ ਇਹ ਪਿੰਡ ਨਵਾਂ ਗਾਓਂ ਦੀ ਨਗਰ ਪੰਚਾਇਤ ਵਿੱਚ ਸ਼ਾਮਲ ਕੀਤਾ ਗਿਆ ਹੈ ਜਿਸ ਦੇ ਚਾਰ ਮੈਂਬਰ ਲਏ ਗਏ ਹਨ।

ਇਸ ਪਿੰਡ ਦੀ ਪੁਰਾਤਨਤਾ ਦੀ ਗਵਾਹੀ ਪ੍ਰਾਚੀਨ ਮਾਤਾ ਕਾਂਸਾ ਦੇਵੀ ਮੰਦਰ ਭਰਦਾ ਹੈ ਜਿਹੜਾ ਪਿੰਡ ਤੋਂ ਉੱਤਰ ਵੱਲ ਸੁਖਨਾ ਨਦੀ ਪਾਰ ਉੱਚੀ ਥਾਂ 'ਤੇ ਸਥਿਤ ਹੈ। ਬਰਸਾਤ ਵਿੱਚ ਸੁਖਨਾ ਨਦੀ ਨੂੰ ਪਾਰ ਕਰ ਕੇ ਜਾਣ ਲਈ ਪਿੰਡ ਵਾਸੀਆਂ ਨੇ ਆਪਣੇ ਉੱਦਮ ਨਾਲ ਲੋਹੇ ਦਾ ਮਜ਼ਬੂਤ ਪੁਲ ਬਣਵਾਇਆ ਹੋਇਆ ਹੈ। ਮੰਦਰ ਦੀ ਦੇਖ-ਭਾਲ ਨੌਜਵਾਨਾਂ ਦੀ ਬਣਾਈ ਕਮੇਟੀ ਕਰਦੀ ਹੈ। ਇੱਥੇ ਆਏ ਸਾਲ ਮੇਲਾ ਵੀ ਭਰਦਾ ਹੈ। ਮਾਤਾ ਕਾਂਸਾ ਦੇਵੀ ਦੇ ਨਾਮ 'ਤੇ ਹੀ ਪਿੰਡ ਦਾ ਨਾਮ ਕਾਂਸਲ ਰੱਖਿਆ ਗਿਆ। ਪਿੰਡ ਵਿੱਚ ਪ੍ਰਾਚੀਨ ਖੇੜਾ ਵੀ ਹੈ। ਪਿੰਡ ਵਿੱਚ ਤਿੰਨ ਗੁਰਦੁਆਰੇ, ਗੁੱਗਾ ਮਾੜੀ, ਸ਼ਿਵ ਮੰਦਰ ਤੇ ਵਿਸ਼ਵਕਰਮਾ ਮੰਦਰ ਵੀ ਹਨ।

ਪਹਿਲਾਂ ਇਸ ਪਿੰਡ ਵਿੱਚ ਇੱਕ ਪੁਰਾਣਾ ਖੂਹ ਹੁੰਦਾ ਸੀ ਜਿਸ ਵਿੱਚ 100 ਹੱਥ 'ਤੇ ਡੂੰਘਾ ਪਾਣੀ ਹੁੰਦਾ ਸੀ। ਪਾਣੀ ਦੀ ਬਹੁਤ ਕਿੱਲਤ ਰਹਿੰਦੀ ਸੀ। ਪਿੰਡ ਵਾਸੀਆਂ ਅਨੁਸਾਰ ਹੁਣ ਵੀ ਜਲ ਸਪਲਾਈ ਤੇ ਸੀਵਰੇਜ ਦੀ ਕੋਈ ਸਹੂਲਤ ਨਹੀਂ ਹੈ। ਪਿੰਡ ਵਿੱਚ ਕੋਈ ਡਾਕਖਾਨਾ ਨਹੀਂ ਹੈ ਅਤੇ ਨਾ ਹੀ ਕੋਈ ਸਰਕਾਰੀ ਡਿਸਪੈਂਸਰੀ ਹੈ। ਸਰਕਾਰੀ ਮਿਡਲ ਸਕੂਲ ਹੈ ਪਰ ਲੋਕਾਂ ਦੀ ਚਿਰਾਂ ਤੋਂ ਮੰਗ ਹੈ ਕਿ ਇਸ ਨੂੰ ਅਪਗਰੇਡ ਕਰਕੇ ਬਾਰ੍ਹਵੀਂ ਤੱਕ ਦਾ ਬਣਾਇਆ ਜਾਵੇ।

ਕੋਈ ਸਮਾਂ ਸੀ ਜਦੋਂ ਪਿੰਡ ਦੀ ਜ਼ਮੀਨ 'ਤੇ ਕਣਕ, ਕਪਾਹ , ਕਮਾਦ, ਕਾਲੇ ਧਾਨ (ਸੱਠੀ), ਮੱਕੀ ਆਦਿ ਦੀਆਂ ਫ਼ਸਲਾਂ ਹੁੰਦੀਆਂ ਸਨ। ਪਿੰਡ ਦੀ ਘੁਲਾੜੀ ਚਲਦੀ ਸੀ। ਗੁੜ ਦੀਆਂ ਭੇਲੀਆਂ ਪੱਥੀਆਂ ਜਾਂਦੀਆਂ ਸਨ। ਦੇਸੀ ਖੰਡ ਨੂੰ ਖੰਡ ਮਸ਼ੀਨ ਨਾਲ ਤਿਆਰ ਕੀਤਾ


ਜਾਂਦਾ ਸੀ। ਪਿੰਡ ਵਿੱਚ ਦੋ ਟੋਭੇ ਸਨ। ਉੱਪਰਲੇ ਟੋਭੇ 'ਤੇ ਪ੍ਰਾਚੀਨ ਪਿੱਪਲ ਅਜੇ ਵੀ ਹੈ। ਪਿੰਡ ਦੀ ਵਾਹੀਯੋਗ ਜ਼ਮੀਨ ਐਕੁਆਇਰ ਹੋਣ ਕਾਰਨ ਪਿੰਡ ਦੇ ਵਸਨੀਕਾਂ ਨੇ ਹੋਰ ਕੰਮਾਂ-ਧੰਦਿਆਂ ਵੱਲ ਮੂੰਹ ਕਰ ਲਿਆ। ਲੋਕ ਬੱਕਰੀਆਂ, ਗਊਆਂ, ਮੱਝਾਂ ਤੇ ਬਲਦ ਪੂਰੇ ਸ਼ੌਕ ਨਾਲ ਪਾਲਦੇ ਸਨ। ਹੁਣ ਖੇਤਾਂ ਦੀ ਥਾਂ ਸਕੱਤਰੇਤ, ਹਾਈ ਕੋਰਟ ਤੇ ਹੋਰ ਸਰਕਾਰੀ ਇਮਾਰਤਾਂ ਤੇ ਪੁਲੀਸ ਚੌਕੀਆਂ ਹੀ ਦਿਸਦੀਆਂ ਹਨ। ਪੁਆਧ ਦੇ ਇਸ ਪਿੰਡ ਦੇ ਲੋਕਾਂ ਦੀ ਮੰਗ ਹੈ ਕਿ ਜ਼ਮੀਨ ਲਏ ਜਾਣ ਬਦਲੇ ਪਿੰਡ ਨੂੰ ਸਹੂਲਤਾਂ ਦਿੱਤੀਆਂ ਜਾਣ।



*ਮੁਖਤਿਆਰ ਸਿੰਘ ਖੇਪੜ ਗੁੱਜਰ*



*ਭੁਪਿੰਦਰ ਸਿੰਘ ਖੇਪੜ, ਗੁਰਨਾਮ ਸਿੰਘ ਗਿਰੀ*



*ਪੰਜਾਬ ਸਕੱਤਰੇਤ*

# 17. ਕੰਡਿਆਲੀ ਤਾਰ ਨੂੰ ਤੱਕਦਾ ਨਵਾਂ ਗਾਓਂ



*ਗੁਰਦੁਆਰਾ ਬੜ ਸਾਹਿਬ*

ਚੰਡੀਗੜ੍ਹ ਸ਼ਹਿਰ ਦੀ ਉੱਤਰ-ਪੱਛਮ ਦੀ ਗੁੱਠ 'ਚ ਕੰਡਿਆਲੀ ਲੰਮੀ ਜਾਲੀਦਾਰ ਤਾਰ ਪਿੱਛੇ ਘਿਰਿਆ ਨਵਾਂ ਗਾਓਂ ਆਪਣੀ ਕਹਾਣੀ ਸੁਣਾਉਂਦਾ ਲਗਦਾ ਹੈ। ਚੰਡੀਗੜ੍ਹ ਵਸਾਉਣ ਲਈ ਪਹਿਲੇ ਉਠਾਲੇ 1950 ਦੇ ਉਜਾੜੇ ਦਾ ਸਾਹਮਣਾ ਕਰਦੇ, ਇਸ ਪਿੰਡ ਦੀ ਹੋਂਦ ਲਗ-ਪਗ 350 ਸਾਲ ਪੁਰਾਣੀ ਦੱਸੀ ਜਾਂਦੀ ਹੈ। ਇਸ ਦੀ ਸਥਾਪਤੀ ਨੂੰ ਨੌ ਬਾਸਾ ਵਾਲਾ ਪਿੰਡ ਵੀ ਕਿਹਾ ਜਾਂਦਾ ਹੈ ਜਿਸ ਦੇ ਨਾਲ ਨੌ ਪਿੰਡ ਜੋੜੇ ਜਾਂਦੇ ਹਨ ਅਰਥਾਤ ਨਵਾਂ ਗਾਓਂ, ਕਰੌਰਾਂ ਜੋਗੀਆਂ, ਕਰੌਰਾਂ ਜੱਟਾਂ, ਕਾਨੇ ਦਾ ਬਾੜਾ, ਗੁੱਜਰਾਂ ਦਾ ਬਾੜਾ, ਟਾਂਡਾ, ਟਾਂਡੀ, ਬ੍ਰਾਹਮਣਾਂ ਦਾ ਬਾੜਾ ਤੇ ਮਸੌਲ। ਇਹ ਨੌ ਕਿੱਲੋਮੀਟਰ ਦਾ ਖੇਤਰ ਬਣਦਾ ਹੈ ਤੇ ਮਸੌਲ ਪਿੰਡ ਪੰਜਾਬ ਦਾ ਸਭ ਤੋਂ ਅਖ਼ੀਰਲਾ ਪਿੰਡ ਹੈ। ਨਵਾਂ ਗਾਓਂ ਦੇ ਲਾਗਲੇ ਪਿੰਡ ਸ਼ਾਹਜਾਦਪੁਰ, ਕਾਂਸਲ, ਖੁੱਡਾ ਅਲੀਸ਼ੇਰ, ਨਾਡਾ (ਗੁਜਰਾਂ ਦਾ) ਆਦਿਕ ਪੈਂਦੇ ਹਨ।

ਦੰਦ ਕਥਾ ਇਹ ਵੀ ਹੈ ਕਿ ਕਿਸੇ ਸਮੇਂ ਗੁਰੂ ਗੋਬਿੰਦ ਸਿੰਘ ਪਿੰਡ ਕੈਲੜ ਤੋਂ ਸ਼ਾਹਜਾਦਪੁਰ ਆਏ, ਉੱਥੋਂ ਨਵਾਂ ਗਾਓਂ ਤੇ ਫਿਰ ਸ਼ਿੰਗਾਰੀਆਲਾ (ਅੰਗਿਆਰੀ ਵਾਲਾ) ਤੇ ਫਿਰ ਉਨ੍ਹਾਂ ਸਿਸਵਾਂ ਦੀ ਖੋਲ ਦਾ ਰਸਤਾ ਅਪਣਾਇਆ। ਇਸ ਦੰਦ-ਕਥਾ ਦੇ ਆਧਾਰ 'ਤੇ ਜਿਸ ਬਰੋਟੇ (ਬੋਹੜ) ਕੋਲ ਗੁਰੂ ਸਾਹਿਬ ਕੁਝ ਘੜੀਆਂ ਠਹਿਰੇ, ਉਹ ਅਜੇ ਵੀ ਸਥਿੱਤ ਹੈ ਤੇ ਉੱਥੇ ਹੀ 1947 ਤੋਂ ਬਾਅਦ ਗੁਰਦੁਆਰਾ ਬੜ ਸਾਹਿਬ ਨਵਾਂ ਗਾਓਂ ਉਸਾਰਿਆ, ਜਿਸ ਦਾ ਨਵੀਂ ਦਿੱਖ ਵਾਲਾ ਸਰੂਪ (1999-2005) ਇਸ ਵੇਲੇ ਸਸ਼ੋਭਤ ਹੈ ਜਿਸ ਦੀ ਚੌਤੀ ਸਾਲ ਸੇਵਾ ਬਤੌਰ ਖ਼ਜ਼ਾਨਚੀ, ਜ. ਸਕੱਤਰ ਤੇ ਪ੍ਰਧਾਨ ਵੱਜੋਂ ਧਿਆਨ ਸਿੰਘ ਢਿੱਲੋਂ (ਰੀਟਾਇਡ ਮੁੱਖ-ਅਧਿਆਪਕ) ਨੇ ਬਾਖੂਬੀ-ਨਿਭਾਈ।

ਜਦੋਂ ਇਸ ਪਿੰਡ ਦੀ ਜ਼ਮੀਨ ਚੰਡੀਗੜ੍ਹ ਉਸਾਰੀ ਯੋਜਨਾ ਅਧੀਨ ਕਬਜ਼ੇ (1950) ਲਿੱਤੀ ਉਦੋਂ ਇਸ ਪਿੰਡ ਦੀ ਵੱਸੋਂ 400 ਦੇ ਕਰੀਬ ਸੀ। ਜੱਟਾਂ ਦੇ 60/70 ਘਰ, ਬ੍ਰਾਹਮਣਾਂ ਦੇ 5/7 ਘਰ, ਕਹਾਰਾਂ ਦੇ ਦੋ, ਨਾਈਆਂ ਦਾ ਇੱਕ, ਤੇਲੀਆਂ ਦਾ ਇੱਕ, ਤਰਖਾਣਾਂ-ਲੁਹਾਰਾਂ ਦਾ ਇੱਕ, ਬਾਲਮੀਕੀਆਂ ਦੇ ਦਸ ਅਤੇ ਰਾਮਦਾਸੀਆਂ ਦੇ ਦੋ ਘਰ ਹੁੰਦੇ ਸਨ। ਇਸ




*ਪੋਸਟ ਗਰੈਜੂਏਟ ਸਰਕਾਰੀ ਕਾਲਜ, ਸੈਕਟਰ-11*

ਪਿੰਡ ਦੀ ਜ਼ਮੀਨ ਸੈਕਟਰ ਦੋ, ਰਾਜਿੰਦਰਾਂ ਪਾਰਕ, ਗਿਆਰਾਂ ਸੈਕਟਰ ਵਾਲੇ ਦੋਵੇਂ ਸਰਕਾਰੀ ਕਾਲਜਾਂ ਲਈ ਤੇ ਸਰਕਾਰੀ ਇੰਜਨੀਅਰ ਕਾਲਜ ਲਈ ਪ੍ਰਾਪਤ ਕੀਤੀ ਗਈ। ਇਸ ਜ਼ਮੀਨ ਬਦਲੇ ਮਟੌਰ, ਸੁੱਘੜ ਤੇ ਸਿਆਹੀਮਾਜਰਾ ਪਿੰਡਾਂ ਵਿੱਚ ਵਸੇਬੇ ਵੱਜੋਂ ਦਿੱਤੀ ਤੇ ਕੁਝ ਕਿਸਾਨਾਂ ਨੇ ਜ਼ਮੀਨ ਦੇ ਪੈਸੇ ਲੈ ਲਏ। ਵਿਡੰਬਨਾ ਇਹ ਹੈ ਕਿ ਉੱਥੋਂ ਵੀ ਜ਼ਮੀਨ ਪੰਜਾਬ ਯੋਜਨਾ ਅਧੀਨ ਮੁੜ ਹੱਥੋਂ ਗੁਆਣੀ ਪਈ। ਵਾਹੀਯੋਗ ਜ਼ਮੀਨ ਬਹੁਤ ਘੱਟ ਰਹਿ ਗਈ, ਜਿਸ ਨੂੰ ਮਾਲਕਾਂ ਨੇ ਪਲਾਟ ਬਣਾ ਕੇ ਜਾਂ ਕਿਰਾਏਦਾਰ ਮਕਾਨਾਂ ਵਿੱਚ ਤਬਦੀਲ ਕਰ ਦਿੱਤੀ।

ਇਸ ਵੇਲੇ ਇਸ ਪਿੰਡ ਦਾ ਖੇੜਾ ਤੇ ਧਰਮਸਾਲਾ ਪੁਰਾਤਨ ਸਮੇਂ ਦੀ ਗੁਆਹੀ ਭਰਦੇ ਹਨ। ਹੁਣ ਭਾਵੇਂ ਮੰਦਰ ਤੇ ਕਈ ਹੋਰ ਅਦਾਰੇ ਵੀ ਬਣ ਗਏ ਹਨ। ਉਦੋਂ ਸਰਕਾਰੀ ਪ੍ਰਾਇਮਰੀ ਸਕੂਲ ਹੁੰਦਾ ਸੀ ਜੋ ਹੁਣ ਹਾਈ ਸਕੂਲ ਬਣ ਗਿਆ ਹੈ। ਇੱਕ ਟੋਭਾ ਹੁੰਦਾ ਸੀ ਜੋ ਹੁਣ ਭਰਨ ਕਰਕੇ ਲੋਪ ਹੋ ਗਿਆ ਹੈ। ਪਿੰਡ 'ਚ ਦੋ ਖੂਹ ਹੁੰਦੇ ਸਨ। ਪਿੰਡ ਦੀ ਪੰਚਾਇਤ ਦਾ ਸਰਪੰਚ ਉੱਤਮ ਸਿੰਘ ਤੇ ਆਸਾ ਸਿੰਘ ਰਹੇ। ਨੰਬਰਦਾਰ ਸੁਰਤਾ ਸਿੰਘ ਹੁੰਦਾ ਸੀ ਤੇ ਮੌਜੂਦਾ ਨੰਬਰਦਾਰ ਸੇਵਾ ਸਿੰਘ ਹੈ। ਜਗਤਾ ਚੌਕੀਦਾਰ ਰਿਹਾ ਤੇ ਹੁਣ ਬਲਜੀਤ ਸਿੰਘ ਹੈ। ਇਸ ਵੇਲੇ ਇਸ ਪਿੰਡ ਨੂੰ ਨਗਰ ਪੰਚਾਇਤ ਬਣਾ ਦਿੱਤਾ ਗਿਆ ਹੈ ਜਿਸ ਅਧੀਨ ਕਾਂਸਲ, ਨਾਡਾ, ਨਵਾਂ ਗਾਓਂ ਤੇ ਜਨਤਾ ਕਲੋਨੀ ਨਵਾਂ ਗਾਓਂ ਅਬਾਦੀਆਂ ਹਨ। ਜਿਸ ਦਾ ਪਹਿਲਾ ਮੁਖੀ (2006) ਹਰਬੰਤ ਸਿੰਘ ਬਾਜਵਾ ਸੀ।


ਪਿੰਡ ਦਾ ਹੱਦਬਸਤ ਨੰਬਰ ਮਾਲੀਆ ਰਿਕਾਰਡ ਅਨੁਸਾਰ 352 ਹੈ। ਇਸ ਪਿੰਡ ਦੇ ਨਾਮਵਰ ਵਿਅਕਤੀ ਸ਼ਿਵਚਰਨ ਸਿੰਘ ਢਿੱਲੋਂ ਸਨ ਜਿਨ੍ਹਾਂ ਦੇ ਪੁੱਤਰ ਗਿਆਨ ਸਿੰਘ ਢਿੱਲੋਂ (ਰਾਸ਼ਟਰਪਤੀ ਐਵਾਰਡੀ) ਬਤੌਰ ਐਸ. ਪੀ. (ਪੰਜਾਬ ਪੁਲਿਸ) ਬਹੁਤ ਉੱਚ-ਕੋਟੀ ਵਿਅਕਤੀ ਸਨ। ਧਿਆਨ ਸਿੰਘ ਢਿੱਲੋਂ (ਸੇਵਾ-ਮੁਕਤ ਮੁੱਖ-ਅਧਿਆਪਕ ਨੇ ਸਿੱਖਿਆ ਵਿਭਾਗ 'ਚ ਨਾਮਣਾ ਖੱਟਿਆ। ਪ੍ਰੇਮ ਸਿੰਘ ਢਿੱਲੋਂ, ਅਮਰ ਸਿੰਘ ਢਿੱਲੋਂ ਤੇ ਗੁਰਬਖਸ਼ ਸਿੰਘ ਢਿੱਲੋਂ ਪਿੰਡ ਭਲਾਈ ਲਈ ਜਾਣੇ ਜਾਂਦੇ ਹਨ। ਪੰਡਿਤ ਬਾਬੂ ਰਾਮ ਦੇ ਪੁੱਤਰ ਕੁੰਦਨ ਲਾਲ ਸੁਪਰਡੰਟ (M.E.S), ਰਾਮ ਸਰੂਪ ਸ਼ਰਮਾ (S.D.O.) ਤੇ ਰਾਮ ਚੰਦਰ (Head Draftsman) ਉੱਚੀਆਂ ਪਦਵੀਆਂ 'ਤੇ ਰਹੇ ਹਨ। ਢਿੱਲੋਂ ਪਰਿਵਾਰ ਦੀ ਨੌਜੁਆਨ ਪੀੜ੍ਹੀ 'ਚੋਂ ਅਜੈਪਾਲ

ਸਿੰਘ ਢਿੱਲੋਂ ਸੈਕਿੰਡ ਅਫ਼ਸਰ ਮਰਚੈਂਟ ਨੇਵੀ (ਬੰਬਈ) ਤੇ ਅਰਸ਼ਦੀਪ ਸਿੰਘ ਢਿੱਲੋਂ ਲੈਫਟੀਨੈਂਟ (ਆਰਮੀ) ਨੇ ਚੰਗਾ ਨਾਂ ਬਣਾਇਆ ਹੈ। ਕੁਝ ਹੋਰ ਬੰਦੇ ਫੌਜ 'ਚ ਤੇ ਨੌਕਰੀ-ਪੇਸ਼ਾ ਵੀ ਹਨ।



ਧਿਆਨ ਸਿੰਘ ਢਿੱਲੋਂ

ਪਿੰਡ ਕਾਂਸਲ ਵਾਂਗ ਪਹਿਲੇ ਉਜਾੜੇ (1950) ਸਮੇਂ, ਸਤਾਰਾਂ ਪਿੰਡਾਂ ਨੂੰ ਢਹਿ-ਢੇਰੀ ਕਰਨ ਦੇ ਆਦੇਸ਼ਾਂ ਤੋਂ ਨਵਾਂ ਗਾਓਂ ਵੀ ਬਚ ਗਿਆ। ਇਸ ਵੇਲੇ ਇਸ ਪਿੰਡ ਦੀ ਵੱਸੋਂ 60/65 ਹਜ਼ਾਰ ਦੇ ਕਰੀਬ ਹੈ ਅਤੇ ਇੱਕ ਸ਼ਹਿਰ ਦਾ ਰੂਪ ਧਾਰ ਗਿਆ ਹੈ। ਜਿੱਥੇ ਪੂਰਾ ਬਜ਼ਾਰ ਹੈ ਅਤੇ ਹਰ ਕਿਸਮ ਦੇ ਸਾਮਾਨ ਦੀਆਂ ਦੁਕਾਨਾਂ ਹਨ। ਗਹਿਮਾ-ਗਹਿਮੀ ਏਨੀ ਹੈ ਕਿ ਪਿੰਡ ਦੀਆਂ ਸੜਕਾਂ 'ਤੇ ਤੁਰਨ-ਫਿਰਨ ਲਈ ਆਪਣਾ ਬਚਾਓ ਕਰਨਾ ਪੈਂਦਾ ਹੈ। ਬਾਹਰਲੀ ਵੱਸੋਂ ਭਾਰੂ ਹੋ ਰਹੀ ਹੈ। ਚੰਡੀਗੜ੍ਹ ਦੀ ਗੁੱਠ 'ਚ ਹੋਣ ਕਾਰਨ ਜ਼ਮੀਨ ਦੀਆਂ ਕੀਮਤਾਂ ਹੱਦ ਟੱਪ ਗਈਆਂ ਹਨ। ਗੰਭੀਰ ਸਮੱਸਿਆ ਇਹ ਹੈ ਕਿ ਚੰਡੀਗੜ੍ਹ ਯੂ. ਟੀ. ਪਿੰਡਾਂ ਤੇ ਪੰਜਾਬ ਦੇ ਅਜਿਹੇ ਨੇੜਲੇ ਪਿੰਡਾਂ ਦੇ ਪੰਜਾਬੀ ਸਭਿਆਚਾਰ ਨੂੰ ਖਤਰੇ ਖੜੇ ਹੋ ਰਹੇ ਹਨ।



400 ਏਕੜ 'ਚ ਫੈਲਿਆ ਰਜਿੰਦਰ ਪਾਰਕ ਦਾ ਦ੍ਰਿਸ਼

# ਭਾਗ ਦੂਜਾ

(ਦੂਜਾ ਉਠਾਲਾ 1960 - 1975)


1. ਸ਼ਾਹਪੁਰ
2. ਕੰਥਾਲਾ
3. ਫਤਹਿਗੜ੍ਹ ਮਾਦੜੀਆਂ
4. ਕਰਸਾਣ
5. ਬਜਵਾੜਾ
6. ਦਤਾਰਪੁਰ
7. ਫੈਦਾਂ
8. ਬੈਰਮਾਜਰਾ
9. ਜੈਪੁਰਾ
10. ਚੂਹੜਪੁਰ
11. ਬਖਤਾ ਬਜਵਾੜੀ-ਬੇਚਾਗ ਮੌਂਜਾ

ਰਹੇ ਨਾ ਪੇਕੇ, ਰਹੇ ਨਾ ਸਹੁਰੇ,
ਕਿਸ ਦਰ 'ਤੇ ਅਰਜੋਈ ਕਰੀਏ।

## ਭਾਗ - ਦੂਜਾ

(ਦੂਜਾ ਉਠਾਲਾ-1960-1975)

# 18. ਬਾਈ ਹਲਟਾਂ ਵਾਲੇ - ਸ਼ਾਹਪੁਰ ਦੀ ਗਾਥਾ




ਗੁਰਦੁਆਰਾ ਸ਼ਾਹਪੁਰ, ਸੈਕਟਰ 38-ਬੀ

ਸਾਲ 1962 ਵਿੱਚ ਉਸ ਵੇਲੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਆਪਣੇ ਵਜ਼ੀਰ ਨਿਰੰਜਣ ਸਿੰਘ ਤਾਲਿਬ ਨਾਲ ਪਿੰਡ ਸ਼ਾਹਪੁਰ ਦੇ ਲੋਕਾਂ ਨੂੰ ਮਿਲਣ ਆਏ। ਉਨ੍ਹਾਂ ਗੁਰਦੁਆਰੇ ਵਿੱਚ ਬੈਠ ਕੇ ਲੋਕਾਂ ਦੀਆਂ ਮੰਗਾਂ ਸੁਣੀਆਂ। ਲੋਕਾਂ ਨੂੰ ਦੱਸਿਆ ਗਿਆ ਕਿ ਸ਼ਾਹਪੁਰ ਦੀ ਜ਼ਮੀਨ 'ਤੇ ਕਸੌਲੀ ਇੰਸਟੀਚਿਊਟ ਬਣਾਉਣਾ ਹੈ। ਪਿੰਡ ਉਠਾਲਿਆ ਨਹੀਂ ਜਾਵੇਗਾ ਅਤੇ ਇਸ ਖੇਤਰ ਦੀ ਉਪਜਾਊ ਜ਼ਮੀਨ ਦਾ ਕੋਈ ਨੁਕਸਾਨ ਨਹੀਂ ਹੋਵੇਗਾ। ਪਿੰਡ ਦੇ ਲੋਕ ਇਸ ਗੱਲ ਤੋਂ ਸਹਿਮਤ ਹੋ ਗਏ। ਇਸ ਮਗਰੋਂ ਸਰਕਾਰ ਬਦਲ ਗਈ। ਸਾਲ 1966 ਵਿੱਚ ਪੰਜਾਬੀ ਸੂਬਾ ਬਣ ਗਿਆ ਅਤੇ ਸ਼ਾਹਪੁਰ ਕੇਂਦਰੀ ਪ੍ਰਸ਼ਾਸਨ ਅਧੀਨ ਹੋ ਗਿਆ।

ਦੂਜਾ ਉਠਾਲਾ ਸ਼ੁਰੂ ਹੋਇਆ ਤਾਂ ਇਸ ਪਿੰਡ ਦਾ ਦੁਖਾਂਤ ਸ਼ੁਰੂ ਹੋ ਗਿਆ। ਰੋਸ ਮੁਜ਼ਾਹਰੇ ਵੀ ਕੀਤੇ ਗਏ ਪਰ 1973 ਵਿੱਚ ਪਿੰਡ ਨੂੰ ਉਜਾੜ ਦਿੱਤਾ ਗਿਆ। ਗੁਰਦੁਆਰਾ ਸ਼ਾਹਪੁਰ, ਸੈਕਟਰ-38-ਬੀ ਚੰਡੀਗੜ੍ਹ ਦੇ ਪ੍ਰਧਾਨ ਤਾਰਾ ਸਿੰਘ ਨੇ ਦੱਸਿਆ ਕਿ ਇਸ ਪਿੰਡ ਵਿੱਚ ਲਗਪਗ 20 ਘਰ ਸਨ ਤੇ ਵਸੋਂ 200 ਤੋਂ ਵੱਧ ਸੀ। ਪਿੰਡ ਵਿੱਚ ਜ਼ਿਆਦਾ ਗਿੱਲ ਅਤੇ ਗਰੇਵਾਲ ਗੋਤ ਦੇ ਪਰਿਵਾਰ ਸਨ। ਪਿੰਡ ਦਾ ਰਕਬਾ ਲਗਪਗ 300 ਏਕੜ ਸੀ। ਕਣਕ, ਗੰਨਾ, ਕਪਾਹ, ਮੂੰਗਫਲੀ, ਮੱਕੀ, ਚਣੇ, ਆਲੂ, ਟਮਾਟਰ ਤੇ ਹੋਰ ਕਈ ਫ਼ਸਲਾਂ ਹੁੰਦੀਆਂ ਸਨ। ਪਿੰਡ ਵਿੱਚ ਪ੍ਰਾਇਮਰੀ ਸਕੂਲ ਤੇ ਧਰਮਸ਼ਾਲਾ ਸੀ। ਗੁਰਦੁਆਰੇ ਦੀ ਹਦੂਦ ਵਿੱਚ ਖੇੜਾ ਹੁਣ ਵੀ ਸਥਿਤ ਹੈ। ਦੱਸਿਆ ਜਾਂਦਾ ਹੈ ਕਿ ਇਹ ਪਿੰਡ 300 ਸਾਲ ਪਹਿਲਾਂ ਵਸਿਆ ਸੀ। ਪਿੰਡ ਵਿੱਚ ਤਿੰਨ ਟੋਭੇ ਹੁੰਦੇ ਸਨ। ਪਿੰਡ ਦੇ ਲੋਕਾਂ ਨੂੰ ਆਪਣਾ ਟਿਕਾਣਾ ਬਣਾਉਣ ਲਈ 38-ਬੀ ਚੰਡੀਗੜ੍ਹ, ਖੇੜਾ ਮਾਣਕਪੁਰ, ਚਡਿਆਲਾ ਸੂਦਾਂ, ਅਲੀਪੁਰ (ਹਰਿਆਣਾ), ਫਤਹਿਪੁਰ ਡੇਰਾਬਸੀ, ਰਾਏਵਾਲੀ (ਹਰਿਆਣਾ), ਤਿਊੜ, ਤੋਗਾਂ, ਧਨੌੜਾ ਤੇ ਦੈੜੀ ਆਦਿ ਥਾਵਾਂ 'ਤੇ ਵਸਣਾ ਪਿਆ। ਸਿਤਮ ਦੀ ਗੱਲ ਇਹ ਹੈ ਕਿ ਇਸ ਪਿੰਡ ਦੀ

ਹੋਣਾ ਰੋਕਣ ਲਈ ਤਤਕਾਲੀ ਕੇਂਦਰੀ ਗ੍ਰਹਿ ਮੰਤਰੀ ਰਾਮ ਨਿਵਾਸ ਦੀ ਹਾਜ਼ਰੀ ਵਿੱਚ ਉਦੋਂ ਪੰਜਾਬ ਦੇ ਇੱਕ ਵਜ਼ੀਰ ਨੂੰ ਤਾਰਾ ਸਿੰਘ ਨੇ ਪਿੰਡ ਬਡਹੇੜੀ ਵਿੱਚ ਵੱਡੇ ਇਕੱਠ ਦੌਰਾਨ ਮੰਗ ਪੱਤਰ ਭੇਟ ਕੀਤਾ ਸੀ ਪਰ ਹਕੂਮਤ ਨੇ ਪਿੰਡ ਵਾਸੀਆਂ ਦੀ ਪੁਕਾਰ ਨਹੀਂ ਸੁਣੀ। ਇਸ ਪਿੰਡ ਦੀ ਉਪਜਾਊ ਜ਼ਮੀਨ ਨੂੰ ਐਕੁਵਾਇਰ ਕਰਨ ਲਈ ਪੂਰੀ ਵਿਉਂਤ ਬਣਾਈ ਗਈ ਤੇ ਲਗਪਗ 26 ਤੋਂ ਵੱਧ ਵਾਰ ਟੁਕੜਿਆਂ ਵਿੱਚ ਐਵਾਰਡ ਸੁਣਾਏ ਗਏ।



*ਟਿੰਡਾਂ ਆਲਾ ਖੂਹ (ਹਲਟ)*

ਕਾਗਜ਼ਾਂ ਵਿੱਚ ਇਸ ਪਿੰਡ ਦਾ ਨਾਮ ਸ਼ਾਹਪੁਰ ਚੋਲੀਆਂ ਵੱਜਦਾ ਹੈ। ਉਦੋਂ ਜ਼ਿਲ੍ਹਾ ਅੰਬਾਲਾ ਸੀ ਤੇ ਡਾਕਖਾਨਾ ਮੁੱਲਾਂਪੁਰ ਗਰੀਬਦਾਸ ਸੀ। ਪਿੰਡ ਦੇ ਪ੍ਰਮੁੱਖ ਵਿਅਕਤੀ ਪ੍ਰੀਤਮ ਸਿੰਘ ਸਰਪੰਚ, ਨੰਬਰਦਾਰ ਮਹਿਮਾ ਸਿੰਘ, ਹੌਲਦਾਰ ਸ਼ਮਸ਼ੇਰ ਸਿੰਘ, ਸਾਉਣ ਸਿੰਘ, ਭਾਈ ਝਾੜੂ, ਬਚਨ ਸਿੰਘ, ਰਲਾ ਸਿੰਘ, ਬਖਸ਼ੀਸ਼ ਸਿੰਘ, ਚੌਕੀਦਾਰ ਕਰਤਾਰ ਸਿੰਘ, ਚੌਕੀਦਾਰ ਨਸੀਬ ਸਿੰਘ ਤੇ ਲੱਖਾ ਸਿੰਘ ਦੇ ਨਾਮ ਲੋਕੀਂ ਯਾਦ ਕਰਦੇ ਹਨ। ਇਸ ਵੇਲੇ ਚੰਗੇ ਪੜ੍ਹੇ-ਲਿਖੇ ਬਹਾਲ ਸਿੰਘ ਉੱਘੇ ਟਰਾਂਸਪੋਰਟਰ ਹਨ, ਜੋ ਚੰਡੀਗੜ੍ਹ ਰਹਿੰਦੇ ਹਨ। ਇਸ ਪਿੰਡ ਦੇ 22 ਹਲਟ ਸਨ। ਪਾਣੀ ਲਗਪਗ 30 ਫੁੱਟ 'ਤੇ ਸੀ। ਸ਼ਾਇਦ ਹੀ ਕਿਸੇ ਹੋਰ ਪਿੰਡ ਵਿੱਚ ਏਨੇ ਹਲਟ ਹੋਣ।


ਭਾਈ ਕਾਹਨ ਸਿੰਘ ਨਾਭਾ ਦੇ ਮਹਾਨ-ਕੋਸ਼ ਵਿੱਚ ਪੁਆਧ ਖੇਤਰ ਦੀ ਲਿਖੀ ਪਰਿਭਾਸ਼ਾ ਸੱਚ ਹੈ ਕਿ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਵਿੱਚ ਵੱਸਿਆ ਇਲਾਕਾ ਜਿੱਥੇ ਹਲਟਾਂ ਨਾਲ ਸਿੰਜਾਈ ਹੁੰਦੀ ਸੀ। ਹਲਟਾਂ ਦੇ ਮਾਲਕਾਂ ਦਾ ਵੇਰਵਾ ਇੰਜ ਦੱਸਿਆ ਗਿਆ: ਸਾਂਝਾ ਖੂਹ ਦੁਬਿੰਡਾ, ਭਾਈ ਝਾੜੂ, ਸੌਣ ਸਿੰਘ, ਰਲਾ ਸਿੰਘ, ਗੁਰਦੱਤਾ, ਕਰਤਾਰ ਸਿੰਘ, ਪ੍ਰੀਤਮ ਸਿੰਘ, ਫਤਿਹ ਸਿੰਘ, ਤੇਜਾ ਸਿੰਘ, ਕਾਬਲ ਸਿੰਘ, ਅਜਮੇਰ ਸਿੰਘ, ਜਸਮੇਰ ਸਿੰਘ, ਬਸਤਾ ਸਿੰਘ, ਹਜ਼ਾਰਾ ਸਿੰਘ ਸੂਬੇਦਾਰ, ਸਦਾ ਰਾਮ, ਸਰਬਣ ਸਿੰਘ, ਰਚਨਾ ਸਿੰਘ ਭੀਖ, ਸਾਧੂ ਸਿੰਘ, ਬਚਨ ਸਿੰਘ ਨੰਬਰਦਾਰ, ਸੰਤ ਸਿੰਘ ਫੌਜੀ ਆਦਿ। ਪਿੰਡ ਵਿੱਚ



*ਭਾੜਾ ਢੋਂਹਦਾ ਗੱਡਾ*

ਦੱਸ ਗੱਡੇ ਹੁੰਦੇ ਸਨ ਜੋ ਭਾੜਾ ਢੋਣ ਦਾ ਕੰਮ ਕਰਦੇ ਸਨ। ਇੱਕ ਮਸ਼ਹੂਰ ਰੱਥ ਬਖਸ਼ੀਸ਼ ਸਿੰਘ ਦੇ ਪਰਿਵਾਰ ਦਾ ਹੁੰਦਾ ਸੀ। ਇਸ ਰੱਥ ਨੂੰ ਕੈਲੜ, ਡੱਡੂ ਮਾਜਰਾ, ਸੈਣੀ ਮਾਜਰਾ ਤੇ ਬਟੇਲਾ ਆਦਿ ਪਿੰਡਾਂ ਵਿੱਚ ਬਾਰਾਤ ਵਿੱਚ ਲਿਆਉਣ ਦਾ ਰਿਵਾਜ ਸੀ। ਇੱਕ ਬਾਰਾਤ ਵਿੱਚ ਇਹ ਰੋਪੜ ਤੋਂ ਰਾਏਪੁਰ ਰਾਣੀ ਵੀ ਗਿਆ। ਇਸ ਪਿੰਡ ਦਾ ਗੁਰਦੁਆਰਾ 1946 ਵਿੱਚ ਉਸਾਰਿਆ ਗਿਆ ਸੀ। ਹੁਣ ਇਹ ਲਗਪਗ ਸਾਢੇ ਤਿੰਨ ਏਕੜ ਵਿੱਚ ਹੈ।


ਇਸ ਪਿੰਡ ਦੇ ਵਾਸੀਆਂ ਨੇ ਦੇਸ਼ ਸੇਵਾ ਵਿੱਚ ਵੀ ਹਿੱਸਾ ਪਾਇਆ। ਦੂਜੀ ਸੰਸਾਰ ਜੰਗ ਵਿੱਚ ਲੜਦਾ ਲੱਖਾ ਸਿੰਘ ਸੱਤ ਸਾਲ ਜਰਮਨ ਫ਼ੌਜ ਦੇ ਕਬਜ਼ੇ ਵਿੱਚ ਰਿਹਾ। ਇਸ ਤੋਂ ਇਲਾਵਾ ਸੂਬੇਦਾਰ ਹਜ਼ਾਰਾ ਸਿੰਘ, ਸਰਦਾਰਾ ਸਿੰਘ, ਬਖਤਾਵਰ ਸਿੰਘ, ਲਛਮਣ ਸਿੰਘ, ਧਰਮ ਸਿੰਘ, ਸਰੂਪ ਸਿੰਘ, ਗੁਰਨਾਮ ਸਿੰਘ, ਮੁਖਤਿਆਰ ਸਿੰਘ, ਗੁਰਦਿਆਲ ਸਿੰਘ, ਸੰਤ ਸਿੰਘ, ਭਾਈ ਭੂਰੀਆ, ਸੋਹਣ ਸਿੰਘ, ਹੌਲਦਾਰ ਸ਼ਮਸ਼ੇਰ ਸਿੰਘ ਤੇ ਜੈਮਲ ਸਿੰਘ ਨੇ ਵੀ ਦੇਸ਼ ਸੇਵਾ ਨਿਭਾਈ। ਜੈਮਲ ਸਿੰਘ ਨੂੰ ਪੰਜਾਬ ਸਰਕਾਰ ਨੇ ਉਦੋਂ 25 ਏਕੜ ਜ਼ਮੀਨ ਪਿੰਡ ਚੱਪੜਚਿੜੀ ਵਿੱਚ ਦਿੱਤੀ, ਜੋ ਉਸ ਦੇ ਕਬਜ਼ੇ ਵਿੱਚ ਨਾ ਆ ਸਕੀ। ਇਸ ਪਿੰਡ ਦੀ ਜ਼ਮੀਨ ਦਾ ਮੁੱਲ ਕੌਡੀਆਂ ਦੇ ਭਾਅ 3104 ਰੁਪਏ ਪ੍ਰਤੀ ਏਕੜ ਦਿੱਤਾ। ਸ਼ਾਮਲਾਟ ਥਾਵਾਂ, ਟੋਭਿਆਂ ਤੇ ਰਸਤਿਆਂ ਦਾ ਕੋਈ ਮੁੱਲ ਨਹੀਂ ਪਾਇਆ ਗਿਆ। ਪਿੰਡ ਦੇ ਉੱਜੜਨ ਨਾਲ ਪਿੰਡ ਵਾਸੀਆਂ ਦੀ ਭਾਈਚਾਰਕ ਸਾਂਝ ਵੀ ਫਿੱਕੀ ਪੈ ਗਈ।



*ਤਾਰਾ ਸਿੰਘ*
*ਪ੍ਰਧਾਨ- ਗੁਰਦੁਆਰਾ ਕਮੇਟੀ*



*ਬਹਾਲ ਸਿੰਘ*
*ਟਰਾਂਸਪੋਰਟਰ*



*ਗੁਲਜਾਰ ਸਿੰਘ*




*ਪਿੰਡ ਵਾਸੀ*


# 19. ਕੰਥਾਲਾ ਜਿੱਥੇ ਬਣਿਆ ਟ੍ਰਿਬਿਊਨ ਅਦਾਰਾ


ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਕੰਥਾਲਾ

ਚੰਡੀਗੜ੍ਹ ਵਸਾਉਣ ਲਈ ਦੂਜੇ ਉਠਾਲੇ ਵਿੱਚ ਪਿੰਡ ਕੰਥਾਲਾ ਦੀ ਵਾਰੀ ਆਈ। 16 ਅਤੇ 17 ਸਤੰਬਰ, 1970 ਨੂੰ ਇਸ ਪਿੰਡ ਦੇ ਘਰਾਂ ਨੂੰ ਢਾਹ ਦਿੱਤਾ ਗਿਆ। ਸਮਾਜ ਸੇਵੀ ਤੇ ਸੇਵਾਮੁਕਤ ਮਾਸਟਰ ਜਸਮੇਰ ਸਿੰਘ ਨੇ ਦੱਸਿਆ ਕਿ 18 ਸਤੰਬਰ ਨੂੰ ਜ਼ੋਰਦਾਰ ਬਾਰਸ਼ ਹੋਈ ਸੀ। ਜਿਸ ਕਾਰਨ ਪਿੰਡ ਦੇ ਲੋਕਾਂ ਦਾ ਕਾਫ਼ੀ ਸਾਮਾਨ ਜੋ ਬਾਹਰ ਪਿਆ ਸੀ, ਰੁੜ ਗਿਆ। ਪਸ਼ੂ ਭੁੱਖੇ ਰੰਭਣ ਲੱਗੇ। ਕਈ ਲੋਕ ਰਫਿਊਜੀਆਂ ਵਾਂਗ ਰੁਲਣ ਲੱਗੇ। ਜ਼ਮੀਨਾਂ ਅਤੇ ਘਰਾਂ ਦਾ ਬਹੁਤ ਥੋੜ੍ਹਾ ਮੁੱਲ ਪਾਇਆ ਗਿਆ। ਉਦੋਂ ਮਾਸਟਰ ਜਸਮੇਰ ਸਿੰਘ ਦੇ ਯਤਨਾਂ ਕਰਕੇ ਪਿੰਡ ਦੇ ਗੁਰਦੁਆਰੇ, ਬਾਬਾ ਬਾਲਕ ਨਾਥ ਮੰਦਰ ਤੇ ਧਰਮਸ਼ਾਲਾ ਨੂੰ ਕਾਇਮ ਰਹਿਣ ਦਿੱਤਾ ਗਿਆ।

ਪਿੰਡ ਕੰਥਾਲਾ ਦੀ ਪੁਰਾਤਨਤਾ ਉਦੋਂ ਦੀ ਦੱਸੀ ਜਾਂਦੀ ਹੈ ਜਦੋਂ ਪੰਜਾਬ ਵਿੱਚ ਪਿੰਡਾਂ ਦੇ ਇਲਾਕੇ ਛੋਟੇ-ਛੋਟੇ ਰਾਜਿਆਂ ਦੇ ਅਧੀਨ ਹੁੰਦੇ ਸਨ। ਕਿਹਾ ਜਾਂਦਾ ਹੈ ਕਿ ਮਹਾਰਾਜਾ ਕੈਂਥ ਦੇ ਨਾਮ 'ਤੇ ਪਿੰਡ ਦਾ ਨਾਮ ਕੰਥਾਲਾ ਪੈ ਗਿਆ। ਇਹ ਵੀ ਦੱਸਿਆ ਜਾਂਦਾ ਹੈ ਕਿ ਇਹ ਪਿੰਡ ਥੇਹ 'ਤੇ ਵਸਿਆ ਹੋਇਆ ਸੀ ਜਿਸ ਦਾ ਪ੍ਰਮਾਣ ਇੱਥੋਂ ਦਾ ਖੇੜਾ, ਖੂਹ ਤੇ ਕੁਝ ਪ੍ਰਾਪਤ ਹੋਏ ਸਿੱਕੇ ਸਨ ਜੋ ਉਠਾਲੇ ਸਮੇਂ ਗੁਆਚ ਗਏ। ਪਿੰਡ ਦੇ ਬਜ਼ੁਰਗ ਉਜਾਗਰ ਸਿੰਘ ਨੇ ਪੁਰਾਣੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਇਸ ਪਿੰਡ ਦੀ ਮੋੜ੍ਹੀ ਬਜ਼ੁਰਗ ਸਿੰਘਾ ਸਿੰਘ ਨੇ ਗੱਡੀ ਸੀ। ਉਜਾੜੇ ਸਮੇਂ ਇਸ ਪਿੰਡ ਦੇ ਲਗਪਗ 70 ਘਰ ਸਨ ਅਤੇ ਪਿੰਡ ਦੀ ਵੱਸੋਂ ਕਰੀਬ 800 ਸੀ। ਪਿੰਡ ਦੀ ਕਾਸ਼ਤਯੋਗ ਜ਼ਮੀਨ ਦਾ ਰਕਬਾ ਕਰੀਬ 2800 ਵਿੱਘੇ ਸੀ। ਪਿੰਡ ਦੀ ਧਰਮਸ਼ਾਲਾ 'ਤੇ ਨਾਥਾਂ ਦਾ


ਪੁਰਾਣਾ ਕੜਾਹਾ



ਮਾਸਟਰ ਜਸਮੇਰ ਸਿੰਘ

ਡੇਰਾ ਹੁੰਦਾ ਸੀ। ਕੰਥਾਲਾ ਦੇ ਉੱਤਰ ਵੱਲ ਹੀਰਵਾਣੀ ਟੋਭਾ ਹੁੰਦਾ ਸੀ। ਅੱਧੀ ਆਬਾਦੀ ਜ਼ਿਮੀਂਦਾਰਾਂ ਦੀ ਸੀ ਅਤੇ ਬਾਕੀ ਹੋਰ ਭਾਈਚਾਰਿਆਂ ਦੀ ਸੀ। ਲੋਕ ਆਪਸ ਵਿੱਚ ਚੰਗਾ ਵਰਤ-ਵਿਹਾਰ ਕਰਦੇ ਸਨ। ਸਿੰਜਾਈ ਲਈ ਟਿੰਡਾਂ ਵਾਲੇ ਸੱਤ ਹਲਟਾਂ ਦੇ ਮਾਲਕ ਨੰਦ ਸਿੰਘ, ਜਸਵੰਤ ਸਿੰਘ, ਨੰਬਰਦਾਰ ਰੁਲੀਆ, ਕੇਹਰ ਸਿੰਘ, ਬਾਬਾ ਪ੍ਰਸਿੰਨ ਨਾਥ, ਜਗੀਰ ਸਿੰਘ ਤੇ ਮਿਸਤਰੀ ਹਰੀ ਸਿੰਘ ਸਨ। ਇੱਕ ਖੂਹ ਜ਼ਿਮੀਂਦਾਰਾਂ ਤੇ ਹੋਰ ਭਾਈਚਾਰਿਆਂ ਨੂੰ ਨੇੜੇ ਪੈਂਦਾ ਸੀ ਅਤੇ ਦੂਜਾ ਖੂਹ ਰਾਮਦਾਸੀਆ ਭਾਈਚਾਰੇ ਨੂੰ ਨੇੜੇ ਪੈਂਦਾ ਸੀ। ਉਜਾੜੇ ਦਾ ਸੱਲ ਸਹਿੰਦਿਆਂ ਇਸ ਪਿੰਡ ਦੇ ਲੋਕ ਸੁਰੋਂ, ਜੱਟਾਂ ਦੀ ਉਕਸੀ, ਮਡਿਆਣਾ, ਬਲਟਾਣਾ (ਹੰਡੇਸਰਾ), ਅਲੀਮਾਜਰਾ, ਛੱਤ, ਹੱਲੋਮਾਜਰਾ, ਜ਼ੀਰਕਪੁਰ, ਰਾਏਪੁਰ ਖ਼ੁਰਦ ਤੇ ਕੰਬਾਲੀ ਪਿੰਡਾਂ ਵਿੱਚ ਜਾ ਵਸੇ। ਇਸ ਪਿੰਡ ਨੇ ਆਪਣੀ ਸ਼ਾਮਲਾਟ ਜ਼ਮੀਨ ਦੇ ਬਣਦੇ ਪੈਸੇ 65 ਹਜ਼ਾਰ ਰੁਪਏ 1965 ਦੀ ਹਿੰਦ-ਪਾਕਿ ਜੰਗ ਦੇ ਡਿਫੈਂਸ ਫੰਡ ਦੇ ਖਾਤੇ ਪਾ ਦਿੱਤੇ ਸਨ ਤਾਂ ਜੋ ਪਿੰਡ ਵਾਸੀਆਂ ਨੂੰ ਉਨ੍ਹਾਂ ਦਾ ਹੱਕ ਮਿਲ ਸਕੇ ਪਰ ਅਜਿਹਾ ਨਾ ਹੋ ਸਕਿਆ। ਪਿੰਡ ਦੀ ਜ਼ਮੀਨ ਉਪਜਾਊ ਸੀ। ਜ਼ਿਆਦਾਤਰ ਕਣਕ, ਕਪਾਹ, ਕਮਾਦ, ਮੱਕੀ, ਧਾਨ, ਬਰਸੀਮ ਤੇ ਮਿਰਚਾਂ ਆਦਿ ਦੀ ਕਾਸ਼ਤ ਹੁੰਦੀ ਸੀ। ਪਿੰਡ ਦੇ ਤਿੰਨ ਨੰਬਰਦਾਰ ਚੌਧਰੀ ਤੀਰਥ ਸਿੰਘ (ਬੁੜੈਲ ਪਿੰਡ ਦਾ), ਜਗੀਰ ਸਿੰਘ ਤੇ ਰੁਲੀਆ ਹੁੰਦੇ ਸਨ। ਚੌਕੀਦਾਰ ਨਾਨਕ ਅਤੇ ਹਜੂਰਾ ਸਨ। ਪਿੰਡ ਦੇ ਮੁੱਖ ਵਿਅਕਤੀ ਸਰਪੰਚ ਸੁਰਜੀਤ ਸਿੰਘ, ਪ੍ਰੇਮ ਸਿੰਘ, ਸੰਪੂਰਨ ਸਿੰਘ ਹੌਲਦਾਰ, ਐਸ.ਡੀ.ਓ ਗੁਰਦਿਆਲ ਸਿੰਘ, ਸਰਵੇ ਇੰਜੀਨੀਅਰ ਚਰਨ ਸਿੰਘ , ਭਗਵਾਨ ਦਾਸ ਤੇ ਜੋਤ ਰਾਮ ਆਦਿ ਸਨ। ਇਸ ਪਿੰਡ ਵਿੱਚ 1954 ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਬਣਿਆ ਸੀ।

ਇਸ ਪਿੰਡ ਵਿੱਚ ਸੱਤ ਬੋਹੜ (ਬਰੋਟੇ) ਸਨ ਜਿੱਥੇ ਮਜਲਸਾਂ ਜੁੜਦੀਆਂ, ਅਖਾੜੇ ਲਗਦੇ, ਬਰਾਤਾਂ ਠਹਿਰਦੀਆਂ ਤੇ ਜਲਸੇ ਲਗਦੇ। ਇਸ ਤੋਂ ਬਿਨਾਂ ਅੰਬਾਂ ਦੇ ਬਾਗ਼ ਹੁੰਦੇ ਸਨ। ਪਿੰਡ ਦੀ ਜ਼ਮੀਨ 'ਤੇ ਸੈਕਟਰ-31 ਵਸਾਇਆ ਗਿਆ ਤੇ ਪੈਟਰੋਲ ਪੰਪ ਵੀ ਇਸੇ ਪਿੰਡ ਦੀ ਹਦੂਦ ਵਿੱਚ ਆਉਂਦਾ ਹੈ। ਸੈਕਟਰ 29 ਸਥਿਤ ਟ੍ਰਿਬਿਊਨ ਅਦਾਰਾ ਵੀ ਇਸ ਪਿੰਡ ਦੀ ਜ਼ਮੀਨ ਤੇ ਹੀ ਉਸਾਰਿਆ ਗਿਆ ਹੈ। ਇਸ ਤੋਂ ਇਲਾਵਾ 'ਦੇਸ਼ ਸੇਵਕ' ਅਖ਼ਬਾਰ ਦਾ ਦਫ਼ਤਰ ਅਤੇ ਬਾਬਾ ਸੋਹਨ ਸਿੰਘ ਭਕਨਾ ਯਾਦਗਾਰੀ ਭਵਨ ਇਸੇ ਪਿੰਡ ਦੀ ਜ਼ਮੀਨ ਤੇ ਉਸਰੇ ਹੋਏ ਹਨ। ਪਿੰਡ ਦੀ ਹੋਂਦ ਨੂੰ ਯਾਦ ਕਰਵਾਉਂਦਾ ਸੁੰਦਰ ਸਰੂਪ ਵਾਲਾ 'ਸਿੰਘ ਸਭਾ ਗੁਰਦੁਆਰਾ ਕੰਥਾਲਾ' ਹੈ ਜਿੱਥੇ ਇਸ ਵੇਲੇ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਹੈ ਜਿੱਥੋਂ ਅੰਗਰੇਜ਼ੀ ਵਿੱਚ ਤ੍ਰੈਮਾਸਿਕ ਰਸਾਲਾ ਛਪਦਾ ਹੈ।

ਇੱਕ ਸ਼ਾਨਦਾਰ ਲਾਇਬ੍ਰੇਰੀ ਵੀ ਹੈ। ਗੁਰਦੁਆਰਾ ਸਾਹਿਬ ਦੇ ਕੈਂਪਸ ਵਿੱਚ ਪਿੰਡ ਦਾ ਇੱਕ ਪੁਰਾਣਾ ਲੋਹੇ ਦਾ ਵੱਡਾ ਕੜਾਹਾ ਹੈ ਜਿਸ ਦੀ ਕਦੇ ਪਿੰਡ ਦੇ ਸਮਾਗਮਾਂ ਦੌਰਾਨ ਵਰਤੋਂ

ਕੀਤੀ ਜਾਂਦੀ ਸੀ। ਹੁਣ ਇਹ ਕੜਾਹਾ ਲੰਗਰ ਲਈ ਵਰਤਿਆ ਜਾਂਦਾ ਹੈ। ਇਸ ਗੁਰਦੁਆਰੇ ਦੇ ਨੇੜੇ ਪੱਛਮ ਵੱਲ ਸ਼ਿਵ ਮੰਦਰ ਬਣਾਇਆ ਗਿਆ ਹੈ ਜਿਸ ਨੂੰ ਪ੍ਰਾਚੀਨ ਸ਼ਿਵ ਮਾਨਸ ਮੰਦਰ ਕਰਕੇ ਜਾਣਿਆ ਜਾਂਦਾ ਹੈ। ਗੁਰਦੁਆਰਾ ਸਾਹਿਬ ਵਿਖੇ ਇਨ੍ਹਾਂ ਉਜੜੇ ਪਿੰਡਾਂ ਦੇ ਲੋਕ ਮਹੀਨੇ 'ਚ ਇਕੱਤਰ ਹੁੰਦੇ ਹਨ ਤੇ ਆਪਣੀਆਂ ਜ਼ਮੀਨਾਂ ਜਾਇਦਾਦਾਂ ਦੇ ਕੇਸਾਂ ਬਾਰੇ ਤੇ ਹੋਰ ਸਮੱਸਿਆਵਾਂ ਬਾਰੇ ਸੋਚ ਵਿਚਾਰ ਕਰਦੇ ਹਨ।

ਇੱਕ ਵਿਸ਼ੇਸ਼ ਮੁਲਾਕਾਤ ਸਮੇਂ ਐਡਵੋਕੇਟ ਹਰਜਿੰਦਰ ਸਿੰਘ ਬਿਲਿੰਗ ਨੇ ਦੱਸਿਆ ਕਿ ਮੇਰੀ ਉਮਰ ਪੰਜ-ਛੇ ਸਾਲ ਸੀ ਜਦੋਂ ਕੰਥਾਲਾ ਉਜਾੜਿਆ ਗਿਆ ਤੇ ਲੋਕਾਂ ਨੂੰ ਇਨਸਾਫ਼ ਦਿਵਾਉਣ ਲਈ ਲਾਮਬੰਦ ਕੀਤਾ। 'ਚੰਡੀਗੜ੍ਹ ਵਰਲਡ ਪੰਜਾਬੀਜ਼ ਮੈਗਜ਼ੀਨ' ਦੇ ਮੁੱਖ ਸੰਪਾਦਕ ਵੱਜੋਂ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਜੋ ਅਜੇ ਵੀ ਜਾਰੀ ਹੈ।



*ਹਰਜਿੰਦਰ ਸਿੰਘ ਬਿਲਿੰਗ*
*ਮੁੱਖ ਸੰਪਾਦਕ*
*ਚੰਡੀਗੜ੍ਹ ਵਰਲਡ*
*ਪੰਜਾਬੀਜ਼ ਮੈਗਜ਼ੀਨ*



*ਪਿੰਡ ਵਾਸੀ*

# 20. ਫਤਹਿਗੜ੍ਹ ਮਾਦੜੀਆਂ ਦੀ ਦਾਸਤਾਨ




ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ-34

ਚੰਡੀਗੜ੍ਹ ਵਸਾਉਣ ਲਈ ਦੂਜੇ ਉਠਾਲੇ ਵੇਲੇ 1960 'ਚ ਪਿੰਡ ਫਤਹਿਗੜ੍ਹ ਮਾਂਦੜੀਆਂ ਦੇ ਉਠਾਲੇ ਦਾ ਐਲਾਨ ਹੋਇਆ ਸੀ। ਇਸ ਪਿੰਡ ਦੇ ਨੇੜੇ ਬਟੇਲਾ, ਬਜਵਾੜਾ, ਖੇੜੀ ਤੇ ਬੁੜੈਲ ਪੈਂਦੇ ਸਨ। ਇਹ ਕਾਫ਼ੀ ਛੋਟਾ ਪਿੰਡ ਸੀ। ਦਸ-ਬਾਰਾਂ ਘਰ ਜ਼ਿਮੀਂਦਾਰਾਂ ਦੇ ਸਨ ਅਤੇ ਇੱਕ ਘਰ ਕਹਾਰਾਂ ਦਾ ਸੀ। ਪਿੰਡ ਦੀ ਵਸੋਂ ਕਰੀਬ 100 ਜਣਿਆਂ ਦੀ ਸੀ। ਵਾਹੀਯੋਗ ਰਕਬਾ 900 ਵਿੱਘੇ ਦੇ ਲਗਪਗ ਸੀ। ਉਦੋਂ ਸਾਰੇ ਘਰ ਕੱਚੇ ਸਨ।

ਉਸ ਸਮੇਂ ਦੇ ਤਹਿਸੀਲਦਾਰ ਸ੍ਰੀ ਗਰੇਵਾਲ ਨੇ ਲੋਕਾਂ ਨੂੰ ਪ੍ਰਤੀ ਕੀਲਾ ਜ਼ਮੀਨ ਦਾ ਮੁੱਲ 2680 ਰੁਪਏ ਲੈਣ ਲਈ ਸਹਿਮਤ ਕਰ ਲਿਆ। ਘਰਾਂ ਦੇ ਪੈਸੇ ਵੀ ਜੋ ਦਿੱਤੇ ਲੋਕਾਂ ਨੇ ਲੈ ਲਏ ਸਨ। ਪਿੰਡ ਵਾਸੀਆਂ ਨੂੰ ਪਹਿਲੇ ਉਠਾਲੇ (1952) ਵਾਂਗ ਜ਼ਮੀਨ ਬਦਲੇ ਜ਼ਮੀਨ ਅਤੇ ਮਕਾਨ ਬਦਲੇ ਮਕਾਨ ਨਹੀਂ ਦਿੱਤੇ, ਬਲਕਿ ਪੈਸੇ ਹੀ ਦਿੱਤੇ ਗਏ। ਜ਼ਿਆਦਾਤਰ ਪਿੰਡ ਵਾਸੀਆਂ ਦਾ ਗੋਤ ਮਾਦੜੀਆਂ ਸੀ ਜਿਸ ਕਰਕੇ ਪਿੰਡ ਦਾ ਨਾਮ ਵੀ ਫਤਹਿਗੜ੍ਹ ਮਾਦੜੀਆਂ ਪੈ ਗਿਆ। ਪਿੰਡ ਵਿੱਚ ਕੋਈ ਸਕੂਲ ਨਹੀਂ ਸੀ। ਬੱਚੇ ਪੜ੍ਹਨ ਲਈ ਪਿੰਡ ਬੁੜੈਲ ਦੇ ਸਕੂਲ ਵਿੱਚ ਜਾਂਦੇ ਹੁੰਦੇ ਸਨ। ਗੁਰਮੇਲ ਸਿੰਘ ਜੋ ਹੁਣ ਪਿੰਡ ਪਲਸੌਰਾ ਵਿੱਚ ਰਹਿੰਦਾ ਹੈ, ਨੇ ਦੱਸਿਆ ਕਿ ਉਹ ਆਪਣੇ ਪਿੰਡ ਦਾ ਪਹਿਲਾ ਮੈਟ੍ਰਿਕ ਪਾਸ ਵਿਅਕਤੀ ਹੈ। ਉਸ ਦੇ ਪਿਤਾ ਕਰਤਾਰ ਸਿੰਘ ਨੇ ਉੱਦਮ ਕਰਕੇ ਸਭ ਦੇ ਸਹਿਯੋਗ ਨਾਲ ਸ਼ਾਮਲਾਟ ਜ਼ਮੀਨ ਉੱਤੇ ਗੁਰਦੁਆਰੇ ਦੀ ਉਸਾਰੀ ਕਰਵਾਈ ਸੀ। ਇਹ ਗੁਰਦੁਆਰਾ ਗੁਰੂ ਤੇਗ ਬਹਾਦਰ ਪਾਤਸ਼ਾਹੀ ਨੌਵੀਂ ਹੁਣ ਸੈਕਟਰ-34 ਵਿੱਚ ਆਉਂਦਾ ਹੈ। ਚੰਡੀਗੜ੍ਹ ਵਿੱਚ ਇਸ ਗੁਰਦੁਆਰਾ ਸਾਹਿਬ ਦੇ



ਗੁਰਦੁਆਰਾ ਸਾਹਿਬ ਅੰਦਰ ਪੁਰਾਣਾ ਬੋਹੜ



ਗੁਰਮੇਲ ਸਿੰਘ



ਭਾਈ ਅਮਰ ਸਿੰਘ

ਗੁਰਮਤ ਕਾਰਜਾਂ ਦੀ ਸ਼ੋਭਾ ਤੇ ਮਹੱਤਤਾ ਬਹੁਤ ਪ੍ਰਸੰਸਾ ਯੋਗ ਹੈ।

ਫਤਹਿਗੜ੍ਹ ਮਾਦੜੀਆਂ ਵਿੱਚ ਦੋ ਖੂਹ ਹੁੰਦੇ ਸਨ। ਪਿੰਡ ਦੇ ਤਿੰਨ ਪਾਸੇ ਤਿੰਨ ਟੋਭੇ ਹੁੰਦੇ ਸਨ ਜਿਨ੍ਹਾਂ ਦੇ ਕੰਢਿਆਂ (ਪਾਲਾਂ) 'ਤੇ ਲੱਗੇ ਪਿੱਪਲ ਤੇ ਬਰੌਟੇ (ਬੋਹੜ) ਦੀ ਛਾਵੇਂ ਲੋਕ ਸਣੀ ਦੇ ਗਰਨੇ ਕੱਢਦੇ ਹੁੰਦੇ ਸਨ ਅਤੇ ਕਣਕ ਦੀ ਵਾਢੀ ਦੀ ਤਿਆਰੀ ਲਈ ਤੰਦੇ (ਜਿਊਣੇ) ਵੱਟਦੇ ਹੁੰਦੇ ਸਨ। ਲੋਕਾਂ ਵਿੱਚ ਆਪਸੀ ਮੇਲ-ਮਿਲਾਪ ਬਹੁਤ ਸੀ। ਦੁਖ-ਸੁਖ ਵੇਲੇ ਪੂਰਾ ਭਾਈਚਾਰਾ ਜੁੜਦਾ ਸੀ। ਇੱਕ-ਦੂਜੇ ਦੇ ਰਿਸ਼ਤੇਦਾਰਾਂ ਦੀ ਆਓ-ਭਗਤ ਕਰਨਾ ਸਾਰੇ ਆਪਣਾ ਫ਼ਰਜ਼ ਸਮਝਦੇ ਸਨ।

ਬਜ਼ੁਰਗਾਂ ਦੇ ਦੱਸਣ ਅਨੁਸਾਰ ਕਿਸੇ ਸਮੇਂ ਜੰਗਲ ਛਾਂਗ ਕੇ ਪੁਰਖਿਆਂ ਨੇ ਇਹ ਪਿੰਡ ਵਸਾਇਆ ਸੀ। ਪਿੰਡ ਵਿੱਚ ਖੇੜਾ ਅਤੇ ਧਰਮਸ਼ਾਲਾ ਵੀ ਸਨ। ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਕਣਕ, ਕਮਾਦ, ਮੱਕੀ, ਚਰੀ, ਮਸਰੀ ਤੇ ਕਾਲੇ ਧਾਨ ਦੀ ਫ਼ਸਲ ਬੀਜੀ ਜਾਂਦੀ ਸੀ। ਪਿੰਡ ਦੇ ਘਰਾਂ ਵਾਲੀ ਥਾਂ 'ਤੇ ਹੁਣ ਥਾਣਾ ਹੈ। ਇਸ ਪਿੰਡ ਦੀ ਜ਼ਮੀਨ ਉੱਤੇ ਸੈਕਟਰ 33, 34 ਤੇ 35 ਹਨ। ਪਿੰਡ ਦੇ ਲੋਕਾਂ ਨੇ ਰੰਗੀਆਂ, ਪੋਪਨਿਆਂ,ਆਲਮਗੀਰ, ਰਾਮਪੁਰ (ਨੇੜੇ ਛੱਤ), ਖੇੜੀ ਖਲੌਰ (ਨੇੜੇ ਬਨੂੜ) ਤੇ ਪਲਸੌਰਾ ਆਦਿ ਵਿੱਚ ਵਾਸਾ ਕੀਤਾ। ਨੰਬਰਦਾਰ ਬਸਾਵਾ ਸਿੰਘ, ਪਿਰਥੀ ਸਿੰਘ, ਨੈਬ ਸਿੰਘ, ਭਗਵਾਨ ਸਿੰਘ, ਕਰਤਾਰ ਸਿੰਘ ਤੇ ਦੀਪਾ (ਕਹਾਰ) ਪਿੰਡ ਦੇ ਮੋਹਤਬਰ ਸਨ।

ਇਸ ਪਿੰਡ ਦੇ ਇਤਿਹਾਸ ਬਾਰੇ ਭਾਈ ਅਮਰ ਸਿੰਘ ਨੇ ਦੱਸਿਆ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ 10 ਮਈ, 1710 ਨੂੰ ਚੱਪੜਚਿੜੀ ਦੀ ਲੜਾਈ ਕਰਕੇ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਸਰਹਿੰਦ ਫ਼ਤਿਹ ਕਰਕੇ ਪੰਜਾਬ ਵਿੱਚ ਸਿੱਖ ਰਾਜ ਸਥਾਪਤ ਕੀਤਾ, ਉਦੋਂ ਪਿੰਡ ਬੁੜੈਲ ਦੇ ਮੁਸਲਮਾਨ ਮੁਲਾਣਿਆਂ ਨਾਲ ਜੰਗ ਲੜ ਕੇ ਹਿੰਦੂ ਲੜਕੀਆਂ ਨਾਲ ਹੁੰਦੇ ਕੁਕਰਮ ਨੂੰ ਰੋਕਿਆ। ਉਥੋਂ ਪਿੰਡ ਵਾਸੀਆਂ ਵਿੱਚੋਂ ਮਾਦੜੀਆਂ ਗੋਤ ਦੇ ਜ਼ਿਮੀਂਦਾਰਾਂ ਨੂੰ ਵਾਹੀਕਾਰ ਬਣਾਉਣ ਲਈ ਮੁਲਾਣਿਆਂ ਦੀ ਜ਼ਮੀਨ 'ਤੇ ਕਾਬਜ਼ ਕੀਤਾ ਤੇ ਉਸ ਥਾਂ ਨੂੰ ਫਤਿਹਗੜ੍ਹ (ਜਿੱਤ ਦੀ ਥਾਂ) ਨਾਮ ਦੇ ਕੇ ਵਸਾਇਆ। ਇਸ ਕਰਕੇ ਇਸ ਪਿੰਡ ਨੂੰ ਫਤਹਿਗੜ੍ਹ ਮਾਦੜੀਆਂ ਕਿਹਾ ਜਾਣ ਲੱਗ ਪਿਆ। ਉਜਾੜੇ ਸਮੇਂ ਇਸ ਪਿੰਡ ਦੀ ਜ਼ਮੀਨ ਡਿਫੈਂਸ ਵਾਲੇ ਅਧਿਕਾਰੀਆਂ ਨੂੰ ਤਿੰਨ ਹਜ਼ਾਰ ਪਲਾਟ ਕੱਟ ਕੇ ਦਿੱਤੀ ਗਈ ਸੀ। ਇੱਥੇ ਗੁਰਦੁਆਰੇ ਤੋਂ ਪਹਿਲਾਂ ਪਹਾ ਹੁੰਦਾ ਸੀ ਅਤੇ ਧਰਮਸ਼ਾਲਾ ਵਿੱਚ ਹੀ ਗੁਰਦੁਆਰਾ ਹੁੰਦਾ ਸੀ


ਜਿਸ ਨੂੰ ਟੀਨਾਂ ਵਾਲਾ ਕਿਹਾ ਜਾਂਦਾ ਸੀ। ਪ੍ਰਾਚੀਨ ਸਮੇਂ ਦਾ ਬੋਹੜ-ਪਿੱਪਲ ਅਜੇ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ।



*ਪਿੰਡ ਵਾਸੀ*



*ਗੋਹਾਰੇ ਪਥਵਾੜੇ*



ਰੱਥ


# 21. ਕਰਸਾਣ ਦੇ ਬੇਘਰ ਹੋਏ ਕਿਸਾਨ



*ਪ੍ਰਾਚੀਨ ਸ਼ਿਵ ਮੰਦਰ*

ਚੰਡੀਗੜ੍ਹ ਵਸਾਉਣ ਲਈ ਦੂਜੇ ਉਜਾੜੇ ਦੀ ਮਾਰ ਝੱਲਣ ਵਾਲਾ ਪਿੰਡ ਕਰਸਾਣ 500 ਸਾਲ ਪੁਰਾਣਾ ਮੰਨਿਆ ਜਾਂਦਾ ਹੈ। ਇਸ ਪਿੰਡ ਦਾ ਪ੍ਰਾਚੀਨ ਸ਼ਿਵ ਮੰਦਰ ਮੁਗਲਾਂ ਦੇ ਸਮੇਂ ਦਾ ਕਿਹਾ ਜਾਂਦਾ ਹੈ। ਇਸ ਦੀਆਂ ਸਰਹੰਦੀ ਇੱਟਾਂ ਪੁਰਾਤਨਤਾ ਦੀ ਗਵਾਹੀ ਭਰਦੀਆਂ ਹਨ। ਕਰਸਾਣ ਦੇ ਉਠਾਲੇ ਦਾ ਹੁਕਮ 1974 ਵਿੱਚ ਹੋਇਆ ਸੀ।


ਪਿੰਡ ਵਿੱਚ ਪਹਿਲਾਂ ਕੁਝ ਘਰ ਮੁਸਲਮਾਨਾਂ ਦੇ ਵੀ ਹੁੰਦੇ ਸਨ। ਇਨ੍ਹਾਂ ਵਿੱਚੋਂ ਕੁਝ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਚਲੇ ਗਏ ਸਨ। ਇਸ ਵੇਲੇ ਪੁਰਾਣਾ ਗੁਰਦੁਆਰਾ ਰਹਿ ਗਿਆ ਹੈ ਜਿਸ ਦੀ ਸੇਵਾ ਗਿਆਨੀ ਜਗਦੀਸ਼ ਸਿੰਘ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਮਾੜੀ ਕਾਇਮ ਹੈ ਅਤੇ ਸ਼ਾਹ ਪੀਰ ਦਾ ਅਸਥਾਨ ਵੀ ਪੂਜਿਆ ਜਾਂਦਾ ਹੈ।



*ਦਰਗਾਹ ਹਜਰਤ ਸਈਅਦ ਬਾਬਾ ਪੀਰ ਜੋਤ ਅਲੀ ਸ਼ਾਹ ਚਿਸ਼ਤੀ*

ਪਿੰਡ ਦੀ ਖੇਤੀਯੋਗ ਜ਼ਮੀਨ 2 ਹਜ਼ਾਰ ਵਿੱਘੇ ਸੀ। ਇਸ ਵਿੱਚੋਂ ਨੰਬਰਦਾਰ ਮਾਤੂ ਰਾਮ ਦੀ ਜ਼ਮੀਨ 500 ਵਿੱਘੇ ਦੇ ਕਰੀਬ ਸੀ। ਸਾਰੇ ਭਾਈਚਾਰਿਆਂ ਦੇ ਲੋਕ ਮਿਲਵਰਤਨ ਨਾਲ ਰਹਿੰਦੇ ਸਨ। ਪੱਛਮ ਵੱਲ ਵੱਡਾ ਟੋਭਾ ਹੁੰਦਾ ਸੀ ਜਿਸ ਵਿੱਚ ਪਿੰਡ ਦੇ ਪਸ਼ੂ ਪਾਣੀ ਪੀਂਦੇ ਅਤੇ ਤਾਰੀਆਂ ਲਾਉਂਦੇ ਸਨ। ਦੋ ਛੋਟੇ ਟੋਭੇ ਪੂਰਬ ਵੱਲ ਸਨ। ਪਿੰਡ ਨੇੜੇ ਇੱਕ ਹਲਟ ਹੁੰਦਾ ਸੀ ਜਿੱਥੇ ਰੌਣਕਾਂ ਖ਼ੂਬ ਲੱਗਦੀਆਂ ਸਨ। ਉਦੋਂ ਜਵਾਰ, ਬਾਜਰਾ, ਮੂੰਗਫਲੀ, ਕਣਕ, ਮੱਕੀ, ਕਮਾਦ, ਛੋਲੇ ਤੇ ਧਾਨ ਆਦਿ ਫ਼ਸਲਾਂ ਹੁੰਦੀਆਂ ਸਨ। ਅੰਬਾਂ ਦੇ ਬਾਗ਼ ਬਹੁਤ ਸਨ। ਜਾਮਣ, ਜਮੋਏ, ਪਿੱਪਲ, ਬੋਹੜ ਤੇ ਨਿੰਮ ਦੇ ਦਰਖ਼ਤ ਆਮ ਸਨ। ਇਸ

ਪਿੰਡ ਦਾ ਮਾਸਟਰ ਮਾਤੂ ਰਾਮ ਦਾਨੀ ਪੁਰਸ਼ ਸੀ। ਲੋਕੀਂ ਉਸ ਨੂੰ ਹੁਣ ਵੀ ਯਾਦ ਕਰਦੇ ਹਨ।



ਸ਼੍ਰੀ ਸਿੱਧ ਬਾਬਾ ਗੋਰਖ ਨਾਥ ਜੀ ਦਾ ਧੂਣਾ

ਪਿੰਡ ਵਸਾਊ ਕਮੇਟੀ ਦੇ ਪ੍ਰਧਾਨ ਸਤਪਾਲ ਅਨੁਸਾਰ ਉਦੋਂ ਇਸ ਪਿੰਡ ਦੇ 165 ਘਰ ਸਨ ਅਤੇ ਵਸੋਂ 800 ਦੇ ਲਗਪਗ ਸੀ। ਜਦੋਂ ਇਸ ਪਿੰਡ ਨੂੰ ਉਠਾਇਆ ਗਿਆ, ਉਦੋਂ ਇਹ ਪਿੰਡ ਕੇਂਦਰੀ ਪ੍ਰਸ਼ਾਸਨ (ਯੂ.ਟੀ. ਚੰਡੀਗੜ੍ਹ) ਅਧੀਨ ਸੀ। ਪਿੰਡ ਨਾਲ ਮਤਰੇਆ ਵਿਵਹਾਰ ਕੀਤਾ ਗਿਆ। ਨੋਟਿਸ ਸਮੇਂ ਸਿਰ ਨਾ ਮਿਲਣ ਕਾਰਨ ਲੋਕਾਂ ਨੂੰ ਆਪਣੇ ਡੰਗਰ-ਪਸ਼ੂ ਖੋਲ੍ਹਣ ਦਾ ਵੀ ਸਮਾਂ ਨਾ ਮਿਲਿਆ। ਲੋਕਾਂ ਨੂੰ ਜ਼ਮੀਨ ਅਤੇ ਘਰਾਂ ਬਦਲੇ ਕੋਈ ਵਸੇਬਾ ਨਹੀਂ ਦਿੱਤਾ ਗਿਆ। ਘਰਾਂ ਦਾ ਮਲਬਾ ਚੁੱਕਣਾ ਵੀ ਔਖਾ ਹੋ ਗਿਆ। ਜ਼ਮੀਨ ਅਤੇ ਮਕਾਨਾਂ ਦੀਆਂ ਕੀਮਤਾਂ ਵੀ ਬਹੁਤ ਥੋੜ੍ਹੀਆਂ ਦਿੱਤੀਆਂ ਗਈਆਂ। ਬੇਘਰ ਹੋਏ ਪਿੰਡ ਵਾਸੀ ਛੱਤ, ਤੀੜਾ, ਲੋਹਗੜ੍ਹ, ਮੱਖਣ ਮਾਜਰਾ, ਲੌਟਿਆਂ (ਹਰਿਆਣਾ), ਆਨੰਦਪੁਰ ਸਾਹਿਬ ਤੇ ਯੂ.ਪੀ. ਵਿੱਚ ਜਾ ਵਸੇ। ਪਿੰਡ ਵਸਾਊ ਕਮੇਟੀ ਦੇ ਜਨਰਲ ਸਕੱਤਰ ਨਾਇਬ ਸਿੰਘ ਨੇ ਦੱਸਿਆ ਕਿ ਇਸ ਪਿੰਡ ਦੀ ਜ਼ਮੀਨ 'ਤੇ ਇੰਡਸਟ੍ਰੀਅਲ ਏਰੀਆ ਬਣਾਇਆ ਗਿਆ। ਸ਼ਮਸ਼ਾਨ ਭੂਮੀ ਦੀ 29 ਕੀਲੇ ਜ਼ਮੀਨ 'ਤੇ ਪਰਵਾਸੀਆਂ ਲਈ ਕਲੋਨੀ ਉਸਾਰ ਦਿੱਤੀ ਗਈ ਤੇ ਪਿੰਡ ਵਾਸੀਆਂ ਨੂੰ ਕੋਈ ਰਿਹਾਇਸ਼ੀ ਸਹੂਲਤ ਨਹੀਂ ਦਿੱਤੀ ਗਈ। ਉਸ ਵੇਲੇ ਕਈ ਜ਼ਿਮੀਂਦਾਰ ਅਜਿਹੇ ਉੱਖੜੇ ਕਿ ਆਪਣਾ ਕਿੱਤਾ ਵੀ ਗੁਆ ਬੈਠੇ।

ਪਿੰਡ ਬਾਰੇ ਯਾਦਾਂ ਫਰੋਲਦਿਆਂ ਜਗਦੀਸ਼ ਸਿੰਘ ਨੇ ਦੱਸਿਆ ਕਿ ਕਰਸਾਣ ਦਾ ਪਹਿਲਵਾਨ ਸਾਧੂ ਸਿੰਘ ਬੜਾ ਮਸ਼ਹੂਰ ਹੋਇਆ ਜਿਸ ਦੇ ਪਰਿਵਾਰ ਵਾਲੇ ਲੋਹਗੜ੍ਹ ਰਹਿੰਦੇ ਹਨ। ਮਿਸਤਰੀ ਮੇਹਰ ਸਿੰਘ ਗੱਡੇ ਬਣਾਉਣ ਦਾ ਮਾਹਿਰ ਸੀ। ਉਸ ਦੀਆਂ ਦਾਤੀਆਂ ਅਤੇ ਖੁਰਪੇ ਅੱਜ ਵੀ ਲੋਕ ਯਾਦ ਕਰਦੇ ਹਨ। ਲੋਹੜੀ ਸਾਰਾ ਪਿੰਡ ਇੱਕ ਥਾਂ ਸਾਂਝ ਨਾਲ ਬਾਲਦਾ ਹੁੰਦਾ ਸੀ। ਮਨਸਾ ਦੇਵੀ ਦੇ ਮੇਲੇ ਜਾਣ ਦਾ ਬੜਾ ਚਾਅ ਹੁੰਦਾ ਸੀ। ਚੌਕੀਦਾਰ ਤੇਜਾ ਸਿੰਘ ਬੜਾ ਹਰਮਨ ਪਿਆਰਾ ਸੀ। ਸਰਪੰਚ ਜੈਪਾਲ ਦੀ ਹਵੇਲੀ



ਵਾਲੇ ਚੁਬਾਰੇ ਦੀ ਵੀ ਸ਼ਾਨ ਵੱਖਰੀ ਸੀ।

ਪੁਆਧ ਦਾ ਇਹ ਪਿੰਡ ਆਪਣੀ ਵਾਹੀਯੋਗ ਜ਼ਮੀਨ ਦੇ ਰਕਬੇ ਕਰ ਕੇ ਬਹੁਤ ਦੂਰ ਤੱਕ ਹੱਦ-ਬੰਨੇ ਕਰ ਕੇ ਜਾਣਿਆ ਜਾਂਦਾ ਸੀ। ਇਸ ਨਾਲ ਲਗਦੇ ਪਿੰਡ ਕੰਥਾਲਾ, ਹੱਲੋਮਾਜਰਾ, ਫੈਦਾਂ, ਜੈਪੁਰਾ, ਦਤਾਰਪੁਰ ਤੇ ਬੈਰਮਾਜਰਾ ਸਨ ਜਿਨ੍ਹਾਂ ਵਿੱਚ ਇਸ ਪਿੰਡ ਦੀ ਪੂਰੀ ਚੜ੍ਹਤ ਸੀ। ਕੁਝ ਲੋਕ ਕੰਥਾਲਾ ਤੋਂ ਉਜੜ ਕੇ ਇੱਥੇ ਆ ਵਸੇ ਪਰ ਫਿਰ ਉਨ੍ਹਾਂ ਨੂੰ ਕਰਸਾਣ ਦੇ ਉਜਾੜੇ ਸਮੇਂ ਜਾਣਾ ਪਿਆ। ਇਸ ਪਿੰਡ ਦੀ ਸ਼ੇਰੋ ਨਾਂ ਦੀ ਪਾਤਰ ਨੇ ਪਹਿਲਾਂ 1947 ਦਾ ਸੰਤਾਪ ਕੱਟਿਆ, ਫਿਰ ਇੱਥੋਂ ਉਜੜਨਾ ਪਿਆ। ਉਸ ਨੂੰ ਘਰ ਦੇ 600 ਰੁਪਏ ਮਿਲੇ। ਇੱਥੋਂ ਉੱਠ ਪਿੰਡ ਢਕੌਲੀ (ਜ਼ੀਰਕਪੁਰ ਨੇੜੇ) ਝੁੱਗੀ ਪਾਈ ਅਤੇ ਉੱਥੋਂ ਵੀ ਉਜੜਨਾ ਪਿਆ। ਇਸ ਤਰ੍ਹਾਂ ਕਈਆਂ ਦੇ ਕਿਤੇ ਵੀ ਪੈਰ ਨਾ ਲੱਗੇ। ਕੁੱਝ ਪਰਿਵਾਰਾਂ ਨੂੰ ਉਨ੍ਹਾਂ ਦੀ ਜਾਇਦਾਦ ਦਾ ਕੋਈ ਪੈਸਾ ਨਹੀਂ ਮਿਲਿਆ ਤੇ ਉਨ੍ਹਾਂ ਦੇ ਕੇਸਾਂ ਦੀ ਸੁਣਵਾਈ ਵੀ ਨਹੀਂ ਹੋਈ। ਸਰਕਾਰ ਨੇ ਕਬਜ਼ੇ ਵਿੱਚ ਲਈ ਕੁਝ ਜ਼ਮੀਨ ਉੱਤੇ ਕੋਈ ਉਸਾਰੀ ਵੀ ਨਹੀਂ ਕੀਤੀ ਤੇ ਉੱਥੇ ਜੰਗਲ ਬਣ ਗਿਆ ਹੈ। ਪਿੰਡ ਵਸਾਊ ਕਮੇਟੀ ਹੱਕਾਂ ਅਤੇ ਅਧਿਕਾਰਾਂ ਲਈ ਅਜੇ ਵੀ ਜੂਝ ਰਹੀ ਹੈ।



*ਜਗਦੀਸ਼ ਸਿੰਘ*



*ਸਤਪਾਲ*
*ਪ੍ਰਧਾਨ, ਪਿੰਡ ਵਸਾਓ ਕਮੇਟੀ*



*ਨੈਬ ਸਿੰਘ*
*ਜ. ਸਕੱਤਰ*



*ਪਿੰਡ ਵਾਸੀ*

# 22. ਭਾਈਚਾਰਕ ਸਾਂਝ ਵਾਲਾ 'ਬਜਵਾੜਾ'




*ਸ਼੍ਰੀ ਜਾਹਰ ਵੀਰ ਗੁੱਗਾ ਮਾੜੀ ਮੰਦਰ, ਸੈਕਟਰ-36*

ਖਰੜ ਤੋਂ ਅੰਬਾਲਾ ਨੂੰ ਜਾਂਦੀ ਪੁਰਾਣੀ ਸੜਕ 'ਤੇ ਪਿੰਡ ਬਟੇਲਾ ਦਾ ਨਾਲਾ ਲੰਘ ਕੇ ਪਿੰਡ ਬਜਵਾੜਾ ਆਉਂਦਾ ਹੁੰਦਾ ਸੀ। ਜਦੋਂ ਚੰਡੀਗੜ੍ਹ ਬਣਾਉਣ ਲਈ ਪਿੰਡਾਂ ਦਾ ਉਠਾਲਾ ਸ਼ੁਰੂ ਹੋਇਆ ਤਾਂ ਇਸ ਪਿੰਡ ਦੇ ਲੋਕਾਂ ਨੇ ਰੋਸ ਮੁਜ਼ਾਹਰੇ ਕੀਤੇ ਸਨ। ਇਸ ਪਿੰਡ ਨੂੰ ਦੂਜੇ ਉਠਾਲੇ ਭਾਵ 1960 ਤੋਂ ਬਾਅਦ ਉਜਾੜਿਆ ਗਿਆ। ਇਸ ਪਿੰਡ ਦੇ ਬੱਸ ਅੱਡੇ ਨੂੰ ਹੁਣ ਵੀ ਕਈ ਲੋਕ ਸੈਕਟਰ 35 ਦਾ ਨਾਮ ਲੈਣ ਦੀ ਬਜਾਏ ਬਜਵਾੜਾ ਵਾਲਾ ਅੱਡਾ ਹੀ ਕਹਿੰਦੇ ਹਨ। ਹੁਣ ਇਸ ਪਿੰਡ ਦੀ ਜ਼ਮੀਨ 'ਤੇ ਸੈਕਟਰ 35, 36, 22 ਤੇ 23 ਵਸੇ ਹੋਏ ਹਨ। ਕਿਰਨ ਸਿਨੇਮਾਘਰ ਤੱਕ ਪਿੰਡ ਦਾ ਬੰਨਾ ਹੁੰਦਾ ਸੀ। ਸੜਕ ਦੇ ਦੋਵੇਂ ਪਾਸੇ ਵਸਿਆ ਇਹ ਪਿੰਡ ਲਗਪਗ 100 ਘਰਾਂ ਵਾਲਾ ਸੀ। ਘਰ ਜ਼ਿਆਦਾਤਰ ਕੱਚੇ ਸਨ। ਆਬਾਦੀ 2 ਹਜ਼ਾਰ ਦੇ ਲਗਪਗ ਸੀ।


*ਲੱਖਦਾਤਾ ਪੀਰ ਗੁੱਗਾ ਮਾੜੀ ਮੰਦਰ, ਸੈਕਟਰ-36*

ਬਜ਼ੁਰਗ ਸ਼ੇਰ ਸਿੰਘ ਵਲਦ ਹਜ਼ਾਰਾ ਸਿੰਘ ਜੋ ਇਸ ਵੇਲੇ ਤੰਗੌਰੀ ਪਿੰਡ ਰਹਿੰਦਾ ਹੈ, ਨੇ ਦੱਸਿਆ ਕਿ ਉਠਾਲੇ ਦੇ ਬਦਲੇ ਵਸੇਬੇ ਲਈ ਮਕਾਨ ਵੱਟੇ ਮਕਾਨ ਅਤੇ ਜ਼ਮੀਨ ਵੱਟੇ ਜ਼ਮੀਨ ਨਹੀਂ ਦਿੱਤੀ ਗਈ। ਕੌਡੀਆਂ ਦੇ ਭਾਅ ਜ਼ਮੀਨ ਅਤੇ ਘਰਾਂ ਦਾ ਮੁੱਲ ਪਾ ਕੇ ਖਦੇੜ ਦਿੱਤਾ ਗਿਆ। ਇੱਥੋਂ ਉੱਜੜ ਕੇ ਲੋਕਾਂ ਨੇ ਆਪਣਾ ਵਾਸਾ ਮਾਣਕਪੁਰ ਖੇੜਾ, ਤੰਗੌਰੀ, ਚਤਾਮਲੀ, ਜਾਂਸਲਾ, ਮੁੰਡੀ ਖਰੜ, ਸੰਤੇਮਾਜਰਾ, ਗੜ੍ਹੀ, ਸਰੈ ਬੰਜਾਰਾ ਤੇ ਮੁਹਾਲੀ ਆਦਿ ਥਾਵਾਂ 'ਤੇ ਕਰ ਲਿਆ। ਪਿੰਡ ਦੇ ਮੁੱਖ ਵਿਅਕਤੀਆਂ ਵਿੱਚ ਅਜਮੇਰ ਸਿੰਘ, ਸ਼ੇਰ ਸਿੰਘ, ਚਮੇਲ ਸਿੰਘ, ਗਰੀਬ ਸਿੰਘ (ਫ਼ੌਜੀ), ਰਤੀ ਰਾਮ (ਫ਼ੌਜੀ), ਮਾਸਟਰ ਮਸਤਾਨ ਸਿੰਘ, ਨੰਬਰਦਾਰ ਕਰਨੈਲ ਸਿੰਘ, ਜ਼ੈਲਦਾਰ ਇੰਦਰ ਸਿੰਘ,

ਮੇਹਰ ਸਿੰਘ (ਫ਼ੌਜੀ), ਪੰਡਿਤ ਪ੍ਰਮੇਸਰੀ ਦਾਸ ਤੇ ਹਜ਼ਾਰਾ ਸਿੰਘ (ਫ਼ੌਜੀ) ਦਾ ਨਾਮ ਆਉਂਦਾ ਹੈ। ਭਾਖਰ ਸਿੰਘ ਵੈਦ ਵੀ ਕਾਫ਼ੀ ਮਸ਼ਹੂਰ ਸੀ। ਪਿੰਡ ਵਿੱਚ ਤਿੰਨ ਖ਼ੂਹ ਸਨ। ਪਿੰਡ ਦੇ ਖੇੜੇ ਦੀ ਬਹੁਤ ਮਾਨਤਾ ਸੀ। ਇਸ ਤੋਂ ਇਲਾਵਾ ਪਿੰਡ 'ਚ ਸਰਕਾਰੀ ਪ੍ਰਾਇਮਰੀ ਸਕੂਲ, ਲਾਲਾਂ ਵਾਲਾ ਮੰਦਰ ਤੇ ਗੁੱਗਾ ਮਾੜੀ ਵੀ ਸੀ ਜਿੱਥੇ ਹੁਣ ਵੀ ਹਰ ਸਾਲ ਗੁੱਗਾ ਦਾ ਮੇਲਾ ਭਰਦਾ ਹੈ।




ਚੰਡੀਗੜ੍ਹ ਵਸਾਉਣ ਲਈ ਉਸਾਰੀ ਦੇ ਸੰਦਾਂ ਲਈ ਮਜ਼ਦੂਰ, ਕਾਮੇ ਤੇ ਠੇਕੇਦਾਰ ਬੇਲਚੇ, ਪੌੜੀਆਂ, ਬਾਣ, ਤਸਲੇ, ਖੁਰਪੇ, ਕੁਹਾੜੀਆਂ ਤੇ ਗੈਂਤੀਆਂ ਆਦਿ ਇਸ ਪਿੰਡ ਦੀਆਂ ਦੁਕਾਨਾਂ ਤੋਂ ਹੀ ਖ਼ਰੀਦਦੇ ਸਨ। ਬਜਵਾੜੇ ਵਾਲੇ ਅੱਡੇ 'ਤੇ ਤਾਂ ਹਰ ਵੇਲੇ ਰੌਣਕ ਰਹਿੰਦੀ ਸੀ। ਜਦੋਂ ਇਸ ਪਿੰਡ ਨੂੰ ਢਾਹਿਆ ਗਿਆ ਤਾਂ ਲੋਕਾਂ ਨੂੰ ਆਪਣੇ ਮਕਾਨਾਂ ਦਾ ਮਲਬਾ ਚੁੱਕਣ ਦੀ ਆਗਿਆ ਦੇ ਦਿੱਤੀ ਗਈ ਸੀ। ਲੋਕਾਂ ਨੇ ਰਾਤੋ-ਰਾਤ ਘਰਾਂ ਦਾ ਮਲਬਾ ਚੁੱਕ ਲਿਆ। ਢਹਿੰਦੇ ਘਰਾਂ ਨੂੰ ਦੇਖਣਾ ਬਹੁਤ ਔਖਾ ਸੀ। ਕਿਹਾ ਜਾਂਦਾ ਹੈ ਕਿ ਜਦੋਂ ਇਸ ਪਿੰਡ ਨੂੰ ਢਾਹਿਆ ਗਿਆ ਤਾਂ ਬਜ਼ੁਰਗ ਬ੍ਰਾਹਮਣ ਸਿਰੀ ਰਾਮ ਤੇ ਉਸ ਦੀ ਪਤਨੀ ਬਨੂੜੋ ਨੂੰ ਗਹਿਰਾ ਸਦਮਾ ਲੱਗਿਆ ਸੀ। ਇੱਕ ਬਿਰਧ ਮਾਈ ਆਪਣੇ ਚੁੱਲ੍ਹੇ ਦੇ ਓਟੀਏ ਦੀਆਂ ਇੱਟਾਂ ਨੂੰ ਆਪਣੇ ਪੱਲੇ ਵਿੱਚ ਬੋਚਣ ਲਈ ਬਿਹਬਲ ਹੋਈ ਚੀਕ ਰਹੀ ਸੀ। ਕੱਚੇ ਮਕਾਨਾਂ ਨੂੰ ਆਪਣੇ ਹੱਥੀਂ ਮਿੱਟੀ-ਗਾਰੇ ਨਾਲ ਲਿੱਪਣ-ਪੋਚਣ ਦੀ ਕਲਾ ਗੁਆਚ ਰਹੀ ਸੀ। ਹੱਸਦਾ-ਖੇਡਦਾ ਪਿੰਡ ਖੰਡਰ ਹੋ ਰਿਹਾ ਸੀ ਤੇ ਥੇਹ ਦਾ ਰੂਪ ਧਾਰ ਰਿਹਾ ਸੀ।

ਬਜਵਾੜਾ ਦੇ ਕਾਬਲ ਸਿੰਘ ਨੂੰ ਅਖਾੜੇ ਲਗਵਾਉਣ ਦਾ ਬਹੁਤ ਸ਼ੌਕ ਸੀ। ਪਿੰਡ 'ਚ ਚਾਰ ਊਠ ਵੀ ਸਨ ਜੋ ਹਲਟ ਗੇੜਨ ਲਈ ਵਰਤੇ ਜਾਂਦੇ ਸਨ। ਪਿੰਡ ਦੇ ਸਾਂਝੇ ਸਮਾਗਮਾਂ ਲਈ ਭਾਂਡਿਆਂ ਦੀ ਬੇਲ ਹੁੰਦੀ ਸੀ। ਜ਼ੈਲਦਾਰ ਦਾ ਮੁੰਡਾ ਗੱਜਣ ਸਿੰਘ ਪਟਵਾਰੀ ਹੁੰਦਾ ਸੀ। ਅਜਮੇਰ ਸਿੰਘ (80) ਦੱਸਦੇ ਹਨ ਕਿ ਪਿੰਡ 'ਚ ਭਾਈਚਾਰਕ ਸਾਂਝ ਬਹੁਤ ਸੀ ਤੇ ਕਦੇ ਵੀ ਥਾਣੇ ਦਾ ਮੂੰਹ ਨਹੀਂ ਸੀ ਦੇਖਿਆ।

ਬਜਵਾੜੇ ਦਾ ਨੰਬਰਦਾਰ ਕਪੂਰ ਸਿੰਘ, ਜ਼ੈਲਦਾਰ ਇੰਦਰ ਸਿੰਘ, ਚੌਕੀਦਾਰ ਨੱਥਾ ਰਾਮ (ਬਾਲਮੀਕ) ਤੇ ਸਮਾਜਸੇਵੀ ਮਹਿਤਾਬ ਸਿੰਘ ਗ਼ਰੀਬ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕਰਵਾਉਂਦੇ ਤੇ ਪੁੰਨ-ਦਾਨ ਕਰਦੇ। ਪਿੰਡ ਦਾ ਸਰਪੰਚ ਪੰਡਿਤ ਪਰਮੇਸਰੀ ਦਾਸ ਹੁੰਦਾ ਸੀ। ਪਿੰਡ ਦੀ ਜ਼ਮੀਨ ਬੜੀ ਉਪਜਾਊ ਸੀ ਜਿੱਥੇ ਮਿਰਚਾਂ, ਕਣਕ, ਸਰ੍ਹੋਂ, ਮੂੰਗਫਲੀ, ਛੋਲੇ, ਕਾਲੇ ਧਾਨ ਤੇ ਮੱਕੀ ਆਦਿ ਫ਼ਸਲਾਂ ਹੁੰਦੀਆਂ ਸਨ। ਪਿੰਡ ਵਿੱਚ ਬੱਚੇ ਗੁੱਲੀ-ਡੰਡਾ,



ਸ਼ੇਰ ਸਿੰਘ

ਰੱਸ਼ਾਕਸ਼ੀ, ਕਬੱਡੀ, ਖਿੱਦੋ-ਖੂੰਡੀ ਆਦਿ ਖੇਡਾਂ ਖੇਡਦੇ। ਅੰਬਾਂ ਦੇ ਬਾਗ਼ ਬਹੁਤ ਸਨ। ਇਸ ਤੋਂ ਬਿਨਾਂ ਜਾਮਣ, ਜਮੋਏ, ਪਿੱਪਲ, ਬੋਹੜ, ਨਿੰਮ ਤੇ ਕਿੱਕਰਾਂ ਆਦਿ ਸਨ। ਕਾਬਲ ਸਿੰਘ ਦਾ ਅੰਬਾਂ ਦਾ ਬਾਗ਼ ਬੜਾ ਮਸ਼ਹੂਰ ਸੀ। ਉਸ ਨੂੰ ਮੁੰਗਲੀਆਂ ਫੇਰਨ ਤੇ ਪੰਜਾ ਭਿੜਾਉਣ ਦਾ ਵੀ ਬਹੁਤ ਸ਼ੌਕ ਸੀ।

ਪਾਖਰ ਸਿੰਘ ਦੇ ਛੇ ਲੜਕਿਆਂ ਵਿੱਚੋਂ ਚਾਰ ਫ਼ੌਜ ਵਿੱਚ ਭਰਤੀ ਸਨ। ਇਸ ਤੋਂ ਬਿਨਾਂ ਹੋਰ ਵੀ ਨੌਜਵਾਨ ਭਰਤੀ ਹੋਏ। ਦੇਸ ਰਾਜ ਫ਼ੌਜ ਵਿੱਚ ਚੰਗੇ ਅਹੁਦੇ 'ਤੇ ਸੀ। ਬਾਰ੍ਹਾਂ ਪਿੰਡਾਂ ਦੇ ਮਾਲਕ ਜ਼ੈਲਦਾਰ ਇੰਦਰ ਸਿੰਘ ਦਾ ਪਿੰਡ ਵਿੱਚ ਚੰਗਾ ਮਾਣ-ਸਤਿਕਾਰ ਸੀ। ਉਸ ਕੋਲ ਘੋੜੀ ਹੁੰਦੀ ਸੀ। ਇਸ ਪਿੰਡ ਦਾ ਦੌਲਾ ਤਰਖਾਣ ਗੱਡਿਆਂ ਦੇ ਪਹੀਏ ਬਣਾਉਣ ਲਈ ਮਸ਼ਹੂਰ ਸੀ। ਪਿੰਡ ਦੇ ਲੋਕ ਰਾਮਲੀਲਾ ਦੇ ਖਣ ਲਈ ਪਿੰਡ ਬੁੜੈਲ ਜਾਂਦੇ ਹੁੰਦੇ ਸਨ। ਮਨਸਾ ਦੇਵੀ ਤੇ ਪਿੰਜੌਰ ਦਾ ਮੇਲਾ ਦੇਖਣ ਲਈ ਪੈਦਲ ਜਾਂ ਗੱਡਿਆਂ 'ਤੇ ਜਾਂਦੇ। ਆਟਾ ਪਿਸਾਉਣ ਲਈ ਪੰਚਕੂਲਾ-ਮਨੀਮਾਜਰਾ ਘਰਾਟਾਂ 'ਤੇ ਗੱਡੇ ਜੋੜ ਕੇ ਜਾਇਆ ਕਰਦੇ ਸਨ। ਗੜਬੜਿਆਂ ਦਾ ਬਾਲ-ਤਿਉਹਾਰ ਮਨਾਇਆ ਜਾਂਦਾ ਸੀ। ਔਰਤਾਂ ਸਾਂਝੀ-ਮਾਈ ਦੀ ਪੂਜਾ ਬਹੁਤ ਸ਼ਰਧਾ ਨਾਲ ਕਰਦੀਆਂ। ਬਜਵਾੜਾ ਦੀ ਪੰਚਾਇਤ ਹਰ ਸਾਲ ਕੁਸ਼ਤੀਆਂ ਦੇ ਦੰਗਲ ਲਵਾਉਂਦੀ ਹੁੰਦੀ ਸੀ ਅਤੇ ਪੁਆਧੀ ਅਖਾੜਾ ਸੁਣਨ ਲੋਕ ਦੂਰੋਂ-ਨੇੜਿਓਂ ਆਉਂਦੇ ਸਨ।

ਹੁਣ ਇਸ ਪਿੰਡ ਦੀ ਜ਼ਮੀਨ 'ਤੇ ਪੰਜਾਬ ਕਿਸਾਨ ਭਵਨ ਉਸਾਰਿਆ ਹੋਇਆ ਹੈ। ਸੜਕ ਤੋਂ ਦੂਜੇ ਪਾਸੇ ਐਮ.ਸੀ.ਐਮ. ਗਰਲਜ਼ ਕਾਲਜ, ਸੈਕਟਰ 36 ਹੈ। ਲਗਪਗ 2 ਏਕੜ ਵਿੱਚ ਸਥਿਤ ਗੁੱਗਾ ਮਾੜੀ ਅਤੇ ਲਾਲਾਂ ਵਾਲੇਪੀਰ ਦੀ ਦਰਗਾਹ ਦੇ ਨੇੜੇ, ਪਾਰਕ ਦੇ ਸਾਹਮਣੇ ਇਸ ਪਿੰਡ ਦੀ ਜ਼ਮੀਨ 'ਤੇ ਪੀਪਲਜ਼ ਕਨਵੈਨਸ਼ਨ ਸੈਂਟਰ ਹੈ। ਕਿੰਨਾ ਚੰਗਾ ਹੋਵੇ ਜੇ ਇਸ ਪਿੰਡ ਦੀ ਜ਼ਮੀਨ 'ਤੇ ਬਣੇ ਚੌਂਕ ਦਾ ਨਾਮ, ਬਜਵਾੜਾ ਚੌਂਕ ਰੱਖਿਆ ਜਾਵੇ ਅਤੇ ਪੰਜਾਬ ਕਿਸਾਨ ਭਵਨ ਦੇ ਨਾਮ ਅੱਗੇ ਬਜਵਾੜਾ ਲਿਖਿਆ ਜਾਵੇ।



ਪਿੰਡ ਵਾਸੀ

# 23. ਦਤਾਰਪੁਰ ਜਿੱਥੇ ਬਣਿਆ ਹਵਾਈ-ਅੱਡਾ


ਚੰਡੀਗੜ੍ਹ ਹਵਾਈ ਅੱਡੇ ਦਾ ਦ੍ਰਿਸ਼

ਚੰਡੀਗੜ੍ਹ ਵੱਲੋਂ ਗ੍ਰਸੇ ਪਿੰਡਾਂ ਵਿੱਚ 'ਦਤਾਰਪੁਰ' ਦਾ ਨਾਮ ਵੀ ਸ਼ਾਮਲ ਹੈ। ਦਤਾਰਪੁਰ ਦੇ ਉਜਾੜੇ ਦੀ ਦਾਸਤਾਨ ਬਿਆਨ ਕਰਦੇ ਪਿੰਡ ਬਚਾਓ ਸੰਘਰਸ਼ ਕਮੇਟੀ' ਦੇ ਅਹੁਦੇਦਾਰ ਨਿਰਮੈਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਉਮਰ ਉਦੋਂ ਛੇ ਸਾਲ ਸੀ, ਜਦੋਂ 1963 ਵਿੱਚ ਪਿੰਡ ਦਤਾਰਪੁਰ ਨੂੰ ਦੂਜੇ ਉਠਾਲੇ ਸਮੇਂ ਢਾਹੁਣ ਦੇ ਹੁਕਮ ਦੇ ਦਿੱਤੇ ਗਏ। ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਦਤਾਰਪੁਰ ਦੀ ਜ਼ਮੀਨ ਉੱਤੇ ਹਵਾਈ ਅੱਡਾ ਉਸਰ ਜਾਵੇਗਾ।

ਜਦੋਂ ਉਜਾੜੇ ਦੇ ਹੁਕਮ ਹੋਏ, ਲੋਕ ਚਿੰਤਾ ਵਿੱਚ ਡੁੱਬ ਗਏ। ਨਿਰਮੈਲ ਸਿੰਘ ਨੇ ਆਪਣੇ ਘਰ 'ਤੇ ਬੁਲਡੋਜ਼ਰ ਫਿਰਦਾ ਵੇਖਿਆ ਤਾਂ ਇੱਕ ਵਾਰ ਤਾਂ ਉਮੀਦਾਂ ਹੀ ਖਤਮ ਹੋ ਗਈਆਂ। ਗਲੀਆਂ, ਚਬੂਤਰੇ, ਖੇਡਣ ਵਾਲੀਆਂ ਥਾਵਾਂ ਤੇ ਰੁੱਖਾਂ ਦੀਆਂ ਛਾਵਾਂ ਸਣੇ ਕਿੰਨਾ ਕੁਝ ਮਲੀਆਮੇਟ ਹੋ ਗਿਆ। ਪਿੰਡ ਥੇਹ ਬਣ ਗਿਆ। ਪਿੰਡ ਵੱਡਾ ਨਹੀਂ ਸੀ ਪਰ ਆਪਸੀ ਵਰਤਾਰਾ ਗੂੜ੍ਹਾ ਸੀ।

ਪਿੰਡ ਵਿੱਚ 30 ਕੁ ਘਰ ਸਨ ਤੇ ਵਸੋਂ 300 ਦੇ ਕਰੀਬ ਸੀ। ਦਤਾਰਪੁਰ ਦਾ ਉਠਾਲਾ ਹੋਇਆ ਤਾਂ ਲੋਕ ਆਪਣਾ ਸਾਮਾਨ ਚੁੱਕ ਕੇ ਮਾਣਕਪੁਰ, ਛੱਤ ਤੇ ਕਾਈਨੌਰ ਆਦਿ ਪਿੰਡਾਂ ਵਿੱਚ ਟਿਕਾਣਾ ਲੱਭ ਕੇ ਵਸ ਗਏ। ਘਰਾਂ ਅਤੇ ਜ਼ਮੀਨਾਂ ਦੀ ਕੀਮਤ ਸਰਕਾਰ ਨੇ ਮਨਮਰਜ਼ੀ ਨਾਲ ਦਿੱਤੀ। ਕਿਸੇ ਵੀ ਨੇਤਾ ਨੇ ਲੋਕਾਂ ਨੂੰ ਇਨਸਾਫ਼ ਦਿਵਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਪਹਿਲੇ ਉਠਾਲੇ (1952)ਵੇਲੇ ਇਹ ਪਿੰਡ ਪੰਜਾਬ ਵਿੱਚ ਆਉਂਦਾ ਸੀ ਪਰ ਪੰਜਾਬੀ ਸੂਬਾ ਬਣਨ ਪਿੱਛੋਂ ਇਹ ਪਿੰਡ ਚੰਡੀਗੜ੍ਹ ਕੇਂਦਰੀ ਪ੍ਰਸ਼ਾਸਨ ਅਧੀਨ ਹੋ ਗਿਆ ਪਰ ਕੇਂਦਰੀ ਪ੍ਰਸ਼ਾਸਨ ਨੇ ਇਸ ਪਿੰਡ ਨੂੰ ਪਰਾਇਆ ਕਰ ਦਿੱਤਾ।

ਦਤਾਰਪੁਰ ਵਿੱਚ ਪ੍ਰਾਇਮਰੀ ਸਕੂਲ ਵੀ ਨਹੀਂ ਸੀ ਅਤੇ ਨਾ ਹੀ ਕੋਈ ਮੰਦਰ ਸੀ ਤੇ ਨਾ ਹੀ ਕੋਈ ਗੁਰਦੁਆਰਾ ਸੀ। ਲੋਕ ਆਰਥਿਕ ਪੱਖੋਂ ਤੰਗ ਸਨ। ਬਹੁਤੇ ਘਰ ਕੱਚੇ ਸਨ। ਸਾਧਾਰਨ ਜ਼ਿਮੀਂਦਾਰ ਖੇਤੀਬਾੜੀ ਦੇ ਧੰਦੇ ਸਹਾਰੇ ਗੁਜ਼ਾਰਾ ਕਰਦੇ ਸਨ। ਕੁਝ ਘਰ ਦਲਿਤ ਵਰਗ ਦੇ ਵੀ ਸਨ। ਦੋ ਟੋਭੇ (ਛੱਪੜ) ਸਨ ਜਿੱਥੇ ਪਸ਼ੂ ਪਾਣੀ ਪੀਂਦੇ ਅਤੇ ਤਾਰੀਆਂ ਲਾਉਂਦੇ



ਫਕੀਰੀਆ ਸਿੰਘ



ਨਿਰਮੈਲ ਸਿੰਘ

। ਪਿੰਡ ਵਾਸੀਆਂ ਵਿੱਚ ਮਨਸਾ ਦੇਵੀ ਪ੍ਰਤੀ ਬਹੁਤ ਸ਼ਰਧਾ ਸੀ। ਲੋਕ ਹਰ ਸਾਲ ਮੇਲਾ ਵੇਖਣ ਜਾਂਦੇ ਸਨ। ਮਨੀਮਾਜਰੇ ਘਰਾਟਾਂ ਤੋਂ ਆਟਾ ਪਿਸਾਉਣ ਜਾਂਦੇ ਸਨ, ਕਿਉਂਕਿ ਨੇੜੇ ਕੋਈ ਆਟਾ ਚੱਕੀ ਨਹੀਂ ਸੀ। ਸਾਂਝੀ ਦਾ ਤਿਉਹਾਰ ਕੁੜੀਆਂ ਬੜੇ ਚਾਅ ਨਾਲ ਮਨਾਉਂਦੀਆਂ ਸਨ। ਟੋਭੇ ਵਿੱਚ ਚੀਕਣੀ ਮਿੱਟੀ ਲਿਆ ਕੇ ਦੀਵਾਲੀ ਮੌਕੇ ਘਰਾਂ ਦੀ ਲਿੱਪਾ-ਪੋਚੀ ਕੀਤੀ ਜਾਂਦੀ। ਸੁਆਣੀਆਂ ਮੱਕੀ ਦਾ ਆਟਾ ਲੱਕੜ ਦੀਆਂ ਪਰਾਤਾਂ ਵਿੱਚ ਗੁੰਨਦੀਆਂ ਸਨ। ਕਾੜ੍ਹਨੀ, ਤੌੜੀ, ਝੱਕਰੇ , ਮੱਟੀਆਂ, ਹਾਰੇ, ਚੁੱਲ੍ਹੇ, ਓਟੀਏ ਆਦਿ ਸਭ ਮਿੱਟੀ ਦੇ ਹੀ ਹੁੰਦੇ ਸਨ। ਘਰਾਂ ਵਿੱਚ ਪਿੱਤਲ ਦੇ ਭਾਂਡੇ ਵਰਤੇ ਜਾਂਦੇ ਸਨ। ਪਸ਼ੂਆਂ ਲਈ ਤੂੜੀ ਕੁੱਪਾਂ ਵਿੱਚ ਸਾਂਭੀ ਜਾਂਦੀ ਸੀ। ਬਾਰਸ਼ਾਂ ਵਿੱਚ ਪਿੰਡ ਵਾਸੀਆਂ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਪਾਣੀ ਲਈ ਇੱਕ ਖੂਹ ਹੁੰਦਾ ਸੀ।

ਦੱਸਿਆ ਜਾਂਦਾ ਹੈ ਕਿ ਇਸ ਛੋਟੇ ਜਿਹੇ ਪਿੰਡ ਦਾ ਜੰਮਪਲ ਮਿਹਰ ਸਿੰਘ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਸਮੇਂ ਆਜ਼ਾਦ ਹਿੰਦ ਫ਼ੌਜ ਵਿੱਚ ਸਿਪਾਹੀ ਭਰਤੀ ਹੋਇਆ ਸੀ। ਪਿੰਡ ਦੇ ਪ੍ਰਮੁੱਖ ਵਿਅਕਤੀਆਂ ਵਿੱਚ ਸੂਬੇਦਾਰ ਸਾਧੂ ਸਿੰਘ ਫੌਜੀ, ਧੰਨਾ ਸਿੰਘ, ਫ਼ਕੀਰ ਸਿੰਘ, ਅਮਰੀਕ ਸਿੰਘ ਨੰਬਰਦਾਰ, ਗੁਰਨਾਮ ਸਿੰਘ, ਮਹਿਮਾ ਸਿੰਘ, ਮਾਸਟਰ ਠਾਕਰ ਸਿੰਘ ਤੇ ਇੰਦਰ ਸਿੰਘ ਫੌਜੀ ਦੇ ਨਾਂ ਜ਼ਿਕਰਯੋਗ ਹਨ। ਇਸ ਪਿੰਡ ਦੀ ਜ਼ਮੀਨ 'ਤੇ ਚੰਡੀਗੜ੍ਹ ਦਾ ਹਵਾਈ ਅੱਡਾ ਉਸਾਰਿਆ ਗਿਆ ਤੇ ਕੁਝ ਜ਼ਮੀਨ ਹੋਰ ਕੰਮਾਂ ਲਈ ਵੀ ਵਰਤੀ ਗਈ। ਅਜੇ ਵੀ ਪਿੰਡ ਵਾਸੀ ਆਪਣੀਆਂ ਜ਼ਮੀਨਾਂ ਦੇ ਕੇਸਾਂ ਲਈ ਕਚਹਿਰੀਆਂ ਦੇ ਚੱਕਰ ਕੱਟਣ ਲਈ ਮਜਬੂਰ ਹਨ।



ਪਿੰਡ ਵਾਸੀ

# 24. ਨਾ ਉੱਜੜੇ ਨਾ ਵੱਸੇ ਫੈਦਾਂ ਦੇ ਲੋਕ

"ਉੱਜੜੇ ਨਾ ਵੱਸੇ, ਦੁੱਖ ਕਿਸ ਨੂੰ ਦੱਸੇ।"



*ਚੰਡੀਗੜ੍ਹ ਹਵਾਈ ਅੱਡੇ ਦਾ ਦ੍ਰਿਸ਼*

ਯੂ. ਟੀ. ਦੇ ਸੇਵਾਮੁਕਤ ਪੁਲੀਸ ਅਧਿਕਾਰੀ ਨਾਇਬ ਸਿੰਘ ਨੇ ਪਿੰਡ ਦੇ ਉਜਾੜੇ ਦੀ ਕਹਾਣੀ ਦੱਸੀ। ਇਸ ਪਿੰਡ ਨੂੰ ਟੁਕੜਿਆਂ ਵਿੱਚ ਉਠਾਉਣ ਲਈ 1966 'ਚ ਹੁਕਮ ਦਿੱਤਾ ਗਿਆ ਸੀ। ਭੋਲੇ-ਭਾਲੇ ਲੋਕਾਂ ਜਿਨ੍ਹਾਂ ਨੇ ਕਦੇ ਹਵਾਈ ਜਹਾਜ਼ ਨੇੜਿਓਂ ਨਹੀਂ ਸੀ ਤੱਕਿਆ, ਨੂੰ ਹਵਾਈ ਅੱਡੇ ਲਈ ਪਿੰਡ ਦੀ ਬਲੀ ਦੇਣੀ ਪਈ। ਇਸ ਪਿੰਡ ਦੇ ਮਕਾਨਾਂ ਨੂੰ ਤਾਂ ਢਾਹ ਦਿੱਤਾ ਗਿਆ ਸੀ ਪਰ ਅਜੇ ਵੀ ਕੁਝ ਜ਼ਮੀਨ ਐਕੁਆਇਰ ਹੋਣੀ ਬਾਕੀ ਹੈ। ਖੇਤੀ ਕਰਨੋਂ ਵੀ ਗਏ ਤੇ ਪੈਸੇ ਮਿਲਣੋਂ ਵੀ ਗਏ।

ਬਜ਼ੁਰਗ ਭਜਨ ਸਿੰਘ ਸੈਣੀ ਨੇ ਪਿੰਡ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਪਿੰਡ ਵਿੱਚ ਕਰੀਬ 40 ਘਰ ਸਨ ਤੇ ਵਸੋਂ 300 ਦੇ ਕਰੀਬ ਸੀ। ਤਿੰਨ ਕਿਸ਼ਤਾਂ ਵਿੱਚ ਅਵਾਰਡ ਸੁਣਾ ਕੇ ਜ਼ਮੀਨ ਪ੍ਰਾਪਤ ਕੀਤੀ ਗਈ, ਜਿਸ 'ਤੇ ਚੰਡੀਗੜ੍ਹ ਹਵਾਈ ਅੱਡਾ ਬਣ ਗਿਆ। ਪਿੰਡ ਦੀ 48 ਸੈਕਟਰ ਵਾਲੀ ਕੁਝ ਜ਼ਮੀਨ ਉੱਤੇ ਮੋਟਰ ਵਰਕਸ਼ਾਪ ਬਣ ਗਈ। ਰਿਕਾਰਡ ਅਨੁਸਾਰ 80 ਕਿੱਲੇ ਜ਼ਮੀਨ ਜੱਦੀ ਮਾਲਕਾਨਾ ਹੈ। ਜਿਹੜੀ ਜ਼ਮੀਨ ਅਜੇ ਐਕੁਆਇਰ ਨਹੀਂ ਹੋਈ, ਉਸ 'ਤੇ ਜ਼ਿਮੀਂਦਾਰਾਂ ਨੇ ਮਕਾਨ ਉਸਾਰ ਕੇ ਕਿਰਾਏਦਾਰਾਂ ਨੂੰ ਦਿੱਤੀ ਹੋਈ ਹੈ। ਇਸ ਨੂੰ ਲੈ ਕੇ ਆਉਣ ਵਾਲੇ ਸਮੇਂ ਵਿੱਚ ਗੁੰਝਲਾਂ ਪੈਦਾ ਹੋ ਸਕਦੀਆਂ ਹਨ। ਹਵਾਈ ਅੱਡੇ ਦੀ ਕੰਧ 'ਤੇ ਕੰਡਿਆਲੀ ਤਾਰ ਲੱਗੀ ਹੋਈ ਹੈ, ਜਿਹੜੀ ਪਾਕਿਸਤਾਨ ਦੀ ਸਰਹੱਦੀ ਵਾੜ ਵਾਂਗ ਕਈ ਸਮੱਸਿਆਵਾਂ ਪੈਦਾ ਕਰਦੀ ਹੈ।

ਹਵਾਈ-ਅੱਡਾ ਨੇੜੇ ਹੋਣ ਕਾਰਨ ਨੇੜਲੇ ਵਾਸੀ ਆਪਣੇ ਮਕਾਨਾਂ 'ਤੇ ਦੋ ਜਾਂ ਤਿੰਨ ਮੰਜ਼ਲੀ ਉਸਾਰੀ ਨਹੀਂ ਕਰ ਸਕਦੇ। ਇਸ ਪਿੰਡ ਦੇ ਨਾਲ ਪੰਜਾਬ ਵਿੱਚ ਪੈਂਦਾ ਪਿੰਡ ਜਗਤਪੁਰਾ ਹੈ ਜਿੱਥੇ ਕਲੋਨੀਆਂ ਦੀ ਭਰਮਾਰ ਹੈ ਅਤੇ ਜ਼ਿਆਦਾਤਰ ਪਰਵਾਸੀ ਮਜ਼ਦੂਰਾਂ ਦਾ ਵਾਸਾ ਹੈ। ਚੰਡੀਗੜ੍ਹ ਦਾ ਗੰਦਾ ਨਾਲਾ ਇਨ੍ਹਾਂ ਲੋਕਾਂ ਨੂੰ ਪ੍ਰਦੂਸ਼ਿਤ ਚੌਗਿਰਦੇ ਵਿੱਚ ਰਹਿਣ ਲਈ ਮਜਬੂਰ ਕਰ ਰਿਹਾ ਹੈ। ਇਸ ਪਿੰਡ ਦੀ 300 ਕੀਲੇ ਜ਼ਮੀਨ ਕਿਸੇ ਵਿਉਂਤ ਨਾਲ ਨਹੀਂ ਸਾਂਭੀ ਗਈ। ਸੈਕਟਰ-47 ਵੀ ਇਸ ਪਿੰਡ ਦੀ ਜ਼ਮੀਨ ਵਿੱਚ ਆਉਂਦਾ ਹੈ।

ਪਿੰਡ ਫੈਦਾਂ ਦੇ ਪਿਛੋਕੜ ਵੱਲ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਇਸ ਪਿੰਡ ਵਿੱਚ ਕੋਈ ਸਕੂਲ, ਮੰਦਰ ਜਾਂ ਗੁਰਦੁਆਰਾ ਨਹੀਂ ਸੀ। ਧਰਮਸ਼ਾਲਾ ਹੀ ਸਾਂਝੀ ਥਾਂ ਹੁੰਦੀ ਸੀ ਜਾਂ

ਇੱਕ ਸਤੀ ਦਾ ਅਸਥਾਨ ਹੁੰਦਾ ਸੀ। ਇੱਕ ਭੌਣੀ ਵਾਲਾ ਖੂਹ ਹੁੰਦਾ ਸੀ, ਜਿਸ ਦਾ ਪਾਣੀ ਲਗਪਗ 35 ਫੁੱਟ ਡੂੰਘਾ ਸੀ। ਜ਼ਮੀਨ ਉਪਜਾਊ ਸੀ। ਕਣਕ, ਮੱਕੀ, ਕਪਾਹ, ਧਾਨ, ਮੂੰਗਫਲੀ, ਚਰ੍ਹੀ ਤੇ ਕਮਾਦ ਦੀਆਂ ਫ਼ਸਲਾਂ ਹੁੰਦੀਆਂ ਸਨ। ਅੰਬਾਂ ਦੇ ਬਾਗ਼ ਬਹੁਤ ਸਨ। ਜ਼ਿਮੀਂਦਾਰਾਂ ਤੋਂ ਬਿਨਾਂ ਤਰਖਾਣ, ਲੁਹਾਰ, ਗਡਰੀਏ, ਕਹਾਰ ਤੇ ਸੈਣੀ ਭਾਈਚਾਰੇ ਆਦਿ ਦੇ ਲੋਕ ਰਹਿੰਦੇ ਸਨ। ਪਿੰਡ ਵਿੱਚ ਕੋਈ ਬ੍ਰਾਹਮਣਾਂ ਦਾ ਘਰ ਨਹੀਂ ਸੀ। ਪੰਚਾਇਤ ਪਿੰਡ ਬੁੜੈਲ ਨਾਲ ਸਾਂਝੀ ਸੀ। ਨੰਬਰਦਾਰ ਜਿਉਣ ਸਿੰਘ ਰਾਜਪੂਤ ਸਰਪੰਚ ਹੁੰਦਾ ਸੀ। ਚੌਕੀਦਾਰ ਵੀ ਬੁੜੈਲ ਪਿੰਡ ਦਾ ਹੀ ਹੁੰਦਾ ਸੀ। ਪਿੰਡ ਵਿੱਚ ਤਿੰਨ ਟੋਭੇ ਸਨ। ਇਸ ਪਿੰਡ ਦਾ ਬਖਤੌਰ ਸਿੰਘ ਆਜ਼ਾਦ ਹਿੰਦ ਫ਼ੌਜ ਦਾ ਸਿਪਾਹੀ ਰਿਹਾ। ਫ਼ੌਜ ਵਿੱਚ ਭਰਤੀ ਹੋਇਆ ਨਿਰਮਲ ਸਿੰਘ ਹੁਣ ਅਮਰੀਕਾ ਜਾ ਵਸਿਆ। ਜਿਸ ਦਿਨ ਇਸ ਪਿੰਡ ਦੇ ਟੋਟੇ ਨੂੰ ਉਜਾੜਿਆ ਗਿਆ, ਉਸ ਦਿਨ ਬਹੁਤ ਬਾਰਸ਼ ਹੋ ਰਹੀ ਸੀ। ਇਸ ਲਈ ਲੋਕਾਂ ਨੂੰ ਢੋਆ-ਢੁਆਈ ਵਿੱਚ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। ਕੇਂਦਰੀ ਪ੍ਰਸ਼ਾਸਨ ਦੇ ਅਧੀਨ ਹੋਣ ਕਾਰਨ ਕਿਸੇ ਨੇਤਾ ਜਾਂ ਉੱਚ ਅਧਿਕਾਰੀ ਨੇ ਲੋਕਾਂ ਨਾਲ ਹਮਦਰਦੀ ਨਹੀਂ ਦਿਖਾਈ।



*ਲੇਖਕ ਨਾਲ ਨੈਬ ਸਿੰਘ (ਰਿਟਾ.) ਏ.ਐਸ.ਆਈ. ਯੂ.ਟੀ. ਪੁਲਿਸ*



*ਸ਼ੇਰ ਸਿੰਘ*

ਪਿੰਡ ਦੇ ਮੁੱਖ ਵਿਅਕਤੀ ਪ੍ਰਸਿੰਨ ਸਿੰਘ, ਸੁੰਦਰ ਸਿੰਘ, ਉੱਤਮ ਸਿੰਘ, ਪ੍ਰਭੂ ਸਿੰਘ, ਸੌਂਧੀ, ਪੂਰਨ ਸਿੰਘ, ਪਰਤਾਪ ਸਿੰਘ, ਧਰਮ ਸਿੰਘ, ਸਰਬਣ ਸਿੰਘ ਤੇ ਭਾਗ ਸਿੰਘ ਬੇਵਸ ਸਨ ਤੇ ਪਿੰਡ ਨੂੰ ਅਲਵਿਦਾ ਕਹਿਣਾ ਹੀ ਪਿਆ।

ਪਿੰਡ ਦੇ ਪ੍ਰਸਿੰਨ ਸਿੰਘ ਕੋਲ ਘੋੜੀ ਹੁੰਦੀ ਸੀ ਤੇ ਇੱਕ ਰੱਥ ਬਸੰਤ ਸਿੰਘ ਕੋਲ ਹੁੰਦਾ ਸੀ। ਜ਼ਿਮੀਂਦਾਰ ਗੱਡਿਆਂ ਰਾਹੀਂ ਆਪਣੀਆਂ ਫ਼ਸਲਾਂ ਦੀ ਢੋਆ-ਢੁਆਈ ਕਰਦੇ ਸਨ ਤੇ ਗੱਡਿਆਂ 'ਤੇ ਮਨਸਾ ਦੇਵੀ ਦਾ ਮੇਲਾ ਦੇਖਣ ਲਈ ਜਾਂਦੇ। ਇਸ ਪਿੰਡ ਦੇ ਲੋਕ ਪਿੰਡ ਬਾਕਰਪੁਰ ਸਗੌਂਧ, ਬਰਵਾਲਾ (ਹਰਿਆਣਾ) ਤੇ ਮੁਹਾਲੀ ਆਦਿ ਵਸ ਗਏ। ਕੁਝ ਜ਼ਿਮੀਂਦਾਰਾਂ ਨੇ ਆਪਣੇ ਖੇਤਾਂ ਵਿੱਚ ਮਕਾਨ ਬਣਾ ਲਏ। ਘਰਾਂ ਅਤੇ ਜ਼ਮੀਨਾਂ ਦੇ ਪੈਸਿਆਂ ਲਈ ਅਜੇ ਵੀ ਕਚਹਿਰੀਆਂ ਵਿੱਚ ਕੇਸ ਚਲਦੇ ਹਨ।



*ਪਿੰਡ ਵਾਸੀ*

# 25. ਬੈਰਮਾਜਰਾ ਦੇ ਉਠਾਲੇ ਦੀ ਗਾਥਾ




*ਚੰਡੀਗੜ੍ਹ ਹਵਾਈ ਅੱਡੇ ਦਾ ਦ੍ਰਿਸ਼*

ਚੰਡੀਗੜ੍ਹ ਵਸਾਉਣ ਲਈ ਦੂਜੇ ਉਠਾਲੇ ਵੇਲੇ (1964) ਗਿਆਰਾਂ ਪਿੰਡਾਂ ਦਾ ਉਜਾੜਾ ਹੋਇਆ ਸੀ। ਪਿੰਡ ਬੈਰਮਾਜਰਾ ਨੂੰ ਵੀ ਇਸ ਉਠਾਲੇ ਦੀ ਭੇਟ ਚੜ੍ਹਨਾ ਪਿਆ ਸੀ। ਇਸ ਦੇ ਨਾਲ ਪਿੰਡ ਕਰਸਾਣ, ਦਤਾਰਪੁਰ, ਫੈਦਾਂ, ਕੰਡਾਲਾ ਤੇ ਜਗਤਪੁਰਾ ਲੱਗਦੇ ਸਨ। ਉਸ ਸਮੇਂ ਪਿੰਡ ਕੰਡਾਲਾ ਅਤੇ ਜਗਤਪੁਰਾ ਪੰਜਾਬ ਵਿੱਚ ਆਉਣ ਕਾਰਨ ਢੇਰੀ ਹੋਣ ਤੋਂ ਬਚ ਗਏ। ਚੰਡੀਗੜ੍ਹ ਵਸਾਉਣ ਵੇਲੇ ਬੈਰਮਾਜਰਾ ਵਾਸੀਆਂ ਨੂੰ ਦੱਸਿਆ ਗਿਆ ਕਿ ਇਸ ਜਗ੍ਹਾ 'ਤੇ ਹਵਾਈ ਅੱਡਾ ਬਣਨਾ ਹੈ। ਇਸ ਲਈ ਪਿੰਡ ਦਾ ਉਠਾਲਾ ਹੋਣਾ ਤੈਅ ਹੈ। ਉਦੋਂ ਹਵਾਈ ਅੱਡਾ ਉਸਾਰਨ ਲਈ ਕਈ ਪਿੰਡਾਂ ਦੀ ਜ਼ਮੀਨ ਐਕੁਆਇਰ ਕੀਤੀ ਗਈ ਸੀ।

ਪਿੰਡ ਬੈਰਮਾਜਰਾ ਵਿੱਚ ਵੀਹ-ਪੰਚੀ ਘਰ ਹੁੰਦੇ ਸਨ। ਪਿੰਡ ਦੀ ਆਬਾਦੀ 200 ਤੋਂ ਘੱਟ ਸੀ। ਜ਼ਮੀਨ ਦਾ ਰਕਬਾ ਕਰੀਬ 900 ਵਿੱਘੇ ਦੱਸਿਆ ਜਾਂਦਾ ਹੈ। ਲੋਕ ਆਰਥਿਕ ਤੌਰ 'ਤੇ ਕਮਜ਼ੋਰ ਸਨ। ਖੇਤੀ ਤੋਂ ਇਲਾਵਾ ਪਸ਼ੂ ਪਾਲਣ ਦੇ ਧੰਦੇ ਨਾਲ ਘਰ ਦਾ ਨਿਰਬਾਹ ਕਰਦੇ ਸਨ। ਲੋਕ ਸਾਊ ਬਿਰਤੀ ਵਾਲੇ ਸਨ। ਪਿੰਡ ਵਸਾਓ ਕਮੇਟੀ ਦੇ ਮੈਂਬਰ ਬਲਬੀਰ ਸਿੰਘ ਦੇ ਦੱਸਣ ਅਨੁਸਾਰ ਪਿੰਡ ਵਾਸੀਆਂ ਵਿੱਚ ਭਾਈਚਾਰਕ ਸਾਂਝ ਬਹੁਤ ਸੀ। ਇੱਕ ਖੂਹ ਹੁੰਦਾ ਸੀ। ਜ਼ਿਮੀਂਦਾਰਾਂ ਦੇ ਤਿੰਨ ਹਲਟ ਸਨ। ਇੱਕ ਟੋਭਾ ਹੁੰਦਾ ਸੀ।

ਪਿੰਡ ਵਿੱਚ ਕੋਈ ਮੰਦਰ ਜਾਂ ਗੁਰਦੁਆਰਾ ਨਹੀਂ ਸੀ। ਨਾ ਹੀ ਕੋਈ ਪ੍ਰਾਇਮਰੀ ਸਕੂਲ ਸੀ। ਛੋਟੀ ਜਿਹੀ ਧਰਮਸ਼ਾਲਾ ਹੁੰਦੀ ਸੀ ਅਤੇ ਇੱਕ ਪਿੰਡ ਦਾ ਖੇੜਾ ਹੁੰਦਾ ਸੀ। ਇਸ ਪਿੰਡ

ਦਾ ਉਠਾਲਾ ਹੋ ਗਿਆ ਤੇ ਪਿੰਡ ਦੀ ਯਾਦ ਵਜੋਂ ਕੋਈ ਨਿਸ਼ਾਨੀ ਵੀ ਨਹੀਂ ਰਹੀ। ਪਿੰਡ ਦੇ ਲੋਕਾਂ ਨੇ ਮਾਣਕਪੁਰ ਖੇੜਾ ਅਤੇ ਛੱਤ ਆਦਿ ਥਾਵਾਂ 'ਤੇ ਜ਼ਮੀਨਾਂ ਖ਼ਰੀਦ ਕੇ ਘਰ ਬਣਾਏ। ਪਿੰਡ ਵਾਸੀਆਂ ਨੂੰ ਵਸੇਬੇ ਲਈ ਜ਼ਮੀਨ ਬਦਲੇ ਜ਼ਮੀਨ ਅਤੇ ਮਕਾਨ ਬਦਲੇ ਮਕਾਨ ਅਲਾਟ ਨਹੀਂ ਕੀਤੇ ਗਏ। ਬਹੁਤ ਘੱਟ ਕੀਮਤ ਦੇ ਕੇ ਪਿੰਡੋਂ ਉੱਠਣ ਦਾ ਹੁਕਮ ਦੇ ਦਿੱਤਾ ਗਿਆ। ਉਠਾਲੇ ਕਾਰਨ ਲੋਕਾਂ ਦੀ ਆਰਥਿਕਤਾ ਹੋਰ ਵੀ ਮਾੜੀ ਹੋ ਗਈ ਸੀ। ਮੁੜ ਤੋਂ ਪੈਰਾਂ ਸਿਰ ਹੋਣਾ ਹੋਰ ਔਖਾ ਹੋ ਗਿਆ। ਬੈਰਮਾਜਰਾ ਦੇ ਪ੍ਰਮੁੱਖ ਵਿਅਕਤੀਆਂ ਵਿੱਚ ਨੰਬਰਦਾਰ ਮਹਿੰਦਰ ਸਿੰਘ, ਬਲਬੀਰ ਸਿੰਘ, ਰਤਨ ਸਿੰਘ, ਸਦਾ ਸਿੰਘ, ਰਾਜਾ ਸਿੰਘ, ਬੋਲਾ ਕਾਂਗਰਸੀ, ਲਾਇਕ ਸਿੰਘ (ਦੋਧੀ), ਗੁਰਬਖਸ਼ ਸਿੰਘ, ਹਜ਼ੂਰਾ ਸਿੰਘ ਫ਼ੌਜੀ ਤੇ ਸੁਰਜੀਤ ਸਿੰਘ ਦੇ ਨਾਂ ਜ਼ਿਕਰਯੋਗ ਹਨ। ਇੱਕ ਲੋਕ-ਬੋਲੀ-ਪਿੰਡ ਬਾਰੇ ਇਉਂ ਹੈ:

**ਦੇਖਿਆ ਤੇਰਾ ਬੈਰਮਾਜਰਾ,**

**ਪੰਜ ਕੋਠੜੇ ਟੋਭੇ ਦੇ ਕੰਢੇ।**

ਇਨ੍ਹਾਂ ਪਿੰਡਾਂ ਨੂੰ ਰਸਤੇ ਵੀ ਔਝੜ ਭਰੇ ਹੁੰਦੇ ਸਨ। ਇੱਕ ਲੋਕ-ਬੋਲੀ ਇਸ ਦੀ ਗੁਆਹੀ ਭਰਦੀ ਹੈ :


**ਫੈਦਾਂ ਨੂੰ ਰਾਹ ਨੀਂ**

**ਬੈਰਮਾਜਰਾ ਸਲਾਹ ਨੀਂ।**



*ਪਿੰਡ ਵਾਸੀ*

# 26. ਜੈਪੁਰਾ ਦੀ ਦਾਸਤਾਨ




*ਇਲਾਂਤੇ ਮਾਲ*

ਚੰਡੀਗੜ੍ਹ ਵਸਾਉਣ ਲਈ ਦੂਜੇ ਉਠਾਲੇ (1960) ਸਮੇਂ ਗਿਆਰਾਂ ਪਿੰਡਾਂ ਨੂੰ ਉਠਾਉਣ ਦਾ ਹੁਕਮ ਹੋਇਆ ਤਾਂ ਪਿੰਡ ਜੈਪੁਰਾ ਨੂੰ ਵੀ ਉਜਾੜੇ ਦੀ ਮਾਰ ਝੱਲਣੀ ਪਈ। ਵੱਖੋ-ਵੱਖਰੇ ਪ੍ਰਾਜੈਕਟਾਂ ਲਈ ਪੁਆਧ ਖੇਤਰ ਦੇ ਇਨ੍ਹਾਂ ਪਿੰਡਾਂ ਨੂੰ ਉਜਾੜਿਆ ਗਿਆ। ਘਰਾਂ ਅਤੇ ਜ਼ਮੀਨਾਂ ਦੇ ਪੈਸੇ ਦੇ ਦਿੱਤੇ ਗਏ। ਉਦੋਂ ਪਿੰਡ ਵਸਾਊ ਕਮੇਟੀ ਨੇ ਇਸ ਉਜਾੜੇ ਵਿਰੁੱਧ ਸੰਘਰਸ਼ ਤਾਂ ਕੀਤਾ ਪਰ ਜਥੇਬੰਦੀ ਦੀ ਸੁਣਵਾਈ ਨਾ ਹੋਈ।

ਜੈਪੁਰਾ ਪਿੰਡ ਇੱਕ ਛੋਟਾ ਜਿਹਾ ਮਾਜਰਾ ਸੀ। ਸਿਰਫ਼ 20 ਕੁ ਘਰ ਸਨ। ਇਹ ਪਿੰਡ ਕੰਥਾਲਾ, ਹੱਲੋਮਾਜਰਾ, ਦਲਹੇੜੀ ਰਾਜਪੂਤਾਂ ਤੇ ਗੁਰਦਾਸਪੁਰਾ ਪਿੰਡਾਂ ਦੇ ਵਿਚਕਾਰ ਸਥਿਤ ਸੀ। ਪਿੰਡ ਦੀ ਵਸੋਂ 200 ਦੇ ਕਰੀਬ ਸੀ। ਪਿੰਡ ਦੀ ਜ਼ਮੀਨ ਦਾ ਰਕਬਾ 500 ਵਿੱਘੇ ਤੋਂ ਘੱਟ ਸੀ। ਇਸ ਪਿੰਡ ਵਿੱਚ ਜ਼ਿਮੀਂਦਾਰਾਂ ਦੇ ਘਰ ਸੀ। ਰਾਮਦਾਸੀਆਂ ਦਾ ਸਿਰਫ਼ ਇੱਕ ਘਰ ਹੁੰਦਾ ਸੀ। ਪਿੰਡ ਵਾਸੀਆਂ ਦੀ ਆਪਸ ਵਿੱਚ ਬਹੁਤ ਸਾਂਝ ਸੀ। ਇੱਕ ਖ਼ੂਹ ਸੀ ਜਿਸ ਤੋਂ ਸਾਰੇ ਪਾਣੀ ਭਰਦੇ ਸਨ। ਜ਼ਿਮੀਂਦਾਰਾਂ ਦੇ ਤਿੰਨ ਹਲਟ ਸਨ, ਚੰਬੇ ਦਾ, ਛੋਟੂ ਦਾ ਤੇ ਭਖੌੜੀਆਂ ਦਾ। ਇਸ ਪਿੰਡ ਦੀ ਜ਼ਮੀਨ ਉੱਤੇ ਇੰਡਸਟਰੀਅਲ ਏਰੀਆ ਫੇਜ਼ 1 ਹੈ। ਏਲਾਂਟੇ ਮਾਲ, ਕੇਬਲ ਫੈਕਟਰੀ, ਮਿਲਕ ਪਲਾਂਟ ਆਦਿ ਇਸੇ ਪਿੰਡ ਦੀ ਜ਼ਮੀਨ 'ਤੇ ਬਣੇ ਹਨ।

ਇਸ ਪਿੰਡ ਦੇ ਲੋਕਾਂ ਨੂੰ ਮੁੜ ਨਵੀਂ ਥਾਂ ਵਸਣ ਲਈ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ। ਹਰ ਇੱਕ ਨੂੰ ਆਪੋ-ਆਪਣੀ ਚਿੰਤਾ ਸੀ। ਪਿੰਡ ਦਾ ਭਾਈਚਾਰਾ ਬਿਖਰ ਗਿਆ ਜਿੱਥੇ ਕਿਤੇ ਕਿਸੇ ਨੂੰ ਠੀਕ ਲੱਗਿਆ, ਵਸ ਗਿਆ। ਜੈਪੁਰਾ ਦੇ ਲੋਕ ਫਤਿਹਪੁਰ (ਰੈਲੀ ਕੁੰਡੀ), ਤਲਾਣੀਆਂ, ਜਾਂਸਲਾ, ਅਲੀਮਾਜਰਾ (ਸ਼ੰਭੂ ਨੇੜੇ) ਸਿਓਲੀ (ਲਾਲੜੂ ਨੇੜੇ), ਪੱਤੋਂ ਆਦਿ ਥਾਵਾਂ 'ਤੇ ਜਾ ਵਸੇ। ਕਈ ਪਰਿਵਾਰ ਚੰਡੀਗੜ੍ਹ ਅਤੇ ਮੁਹਾਲੀ ਵਿੱਚ ਵਸ ਗਏ। ਇਸ ਪਿੰਡ ਵਿੱਚ ਕੋਈ ਗੁਰਦੁਆਰਾ, ਮੰਦਰ ਤੇ ਸਕੂਲ ਨਹੀਂ ਸੀ। ਪਿੰਡ ਦੇ

ਲੋਕਾਂ ਦੀ ਬੋਲੀ ਸਿੱਧ ਪੱਧਰੀ ਹੋਣ ਕਾਰਨ ਵੱਖਰੀ ਪੁਆਧੀ-ਰੰਗ (ਧੁਨੀ) ਵਾਲੀ ਸੀ। ਇਸ ਪਿੰਡ ਦਾ ਧਰਮ ਸਿੰਘ, ਪੰਜਾਬ ਵਿਧਾਨ ਸਭਾ ਵਿੱਚ ਡਿਪਟੀ ਸਕੱਤਰ ਦੇ ਅਹੁਦੇ ਤੋਂ ਸੇਵਾਮੁਕਤ ਹੋਇਆ। ਹੋਰ ਪ੍ਰਮੁੱਖ ਵਿਅਕਤੀਆਂ ਵਿੱਚ ਹਰੀ ਰਾਮ ਨੰਬਰਦਾਰ, ਕਰਤਾ ਸਿੰਘ ਸਰਪੰਚ, ਚੰਬਾ ਸਿੰਘ, ਦਿਆਲ ਸਿੰਘ, ਗੰਡਾ ਸਿੰਘ, ਚੰਨਣ ਸਿੰਘ, ਹਰਜੈਲਾ, ਨਰੰਜਣ ਸਿੰਘ, ਛੋਟੂ, ਇੰਦਰ ਸਿੰਘ, ਸੀਬਾ ਤੇ ਜਗਿੰਦਰ ਸਿੰਘ ਦੇ ਨਾਮ ਵਰਨਣਯੋਗ ਹਨ।



*ਪਿੰਡ ਵਾਸੀ*

# 27. ਚੂਹੜਪੁਰ ਬਣਿਆ ਹਵਾਈ ਅੱਡੇ ਦੀ ਉਡਾਨ




*ਚੰਡੀਗੜ੍ਹ ਹਵਾਈ ਅੱਡੇ ਦਾ ਦ੍ਰਿਸ਼*

ਪਿੰਡ ਚੂਹੜਪੁਰ ਸੈਣੀਆਂ ਦਾ ਪਿੰਡ ਸੀ। ਜਿਸ ਵਿੱਚ 20/25 ਘਰ ਸਨ। ਅਬਾਦੀ 100/150 ਬੰਦਿਆਂ ਦੀ ਸੀ। ਦੂਜੇ ਉਠਾਲੇ 1960 ਤੋਂ ਬਾਅਦ ਇਸ ਪਿੰਡ ਨੂੰ ਉਜਾੜਿਆ ਗਿਆ। ਇਸ ਪਿੰਡ ਵਾਲਿਆਂ ਨੇ ਤੀੜਾ, ਛੱਤ, ਅਭੇਪੁਰ, ਖੇੜਾ (ਸੁੰਢੜਾ ਨੇੜੇ) ਆਦਿਕ ਥਾਵਾਂ ਤੇ ਆਪਣਾ ਵਾਸ ਕੀਤਾ। ਜ਼ਮੀਨਾਂ ਤੇ ਘਰਾਂ ਦੇ ਪੈਸੇ ਬਹੁਤ ਥੋੜ੍ਹੇ ਦਿੱਤੇ ਗਏ। ਸ਼ਾਮਲਾਟ ਤੇ ਕਈ ਹੋਰ ਥਾਵਾਂ ਦਾ ਮੁੱਲ ਨਹੀਂ ਪਾਇਆ ਗਿਆ। ਪਿੰਡ 'ਚ ਦੋ ਖੂਹ ਹੁੰਦੇ ਸਨ ਤੇ ਦੋ ਟੋਭੇ ਸਨ। ਇੱਕ ਹਲਟ ਹੁੰਦਾ ਸੀ। ਪਿੰਡ ਵਿੱਚ ਬੱਚਿਆਂ ਦੇ ਪੜ੍ਹਨ ਲਈ ਕੋਈ ਸਕੂਲ ਨਹੀਂ ਸੀ। ਇਸ ਪਿੰਡ, ਚੋਂ ਉਜੜੇ ਗਿਆਨ ਸਿੰਘ (74 ਸਾਲ), ਬਨਾਰਸੀ ਦਾਸ (78 ਸਾਲ) ਤੇ ਫੌਜੀ ਰਾਮ ਸਰੂਪ ਨੇ ਦੱਸਿਆ ਕਿ ਸਾਡੇ ਪਿੰਡ ਦੇ ਉਜਾੜੇ ਵੇਲੇ ਕਿਸੇ ਨੇ ਸਾਨੂੰ ਇਨਸਾਫ਼ ਦੁਆਉਣ ਲਈ ਸਹਿਯੋਗ ਨਹੀਂ ਦਿੱਤਾ।



*ਬੰਤ ਸਿੰਘ (ਹੱਲੋਮਾਜਰਾ) ਲੇਖਕ ਨੂੰ ਪਿੰਡ ਚੂਹੜਪੁਰ ਬਾਰੇ ਦੱਸਦੇ ਹੋਏ*

ਬਹੁਤੇ ਘਰ ਸੈਣੀਆਂ ਦੇ ਸਨ ਤੇ ਇੱਕ ਘਰ ਲੁਹਾਰਾਂ-ਤਰਖਾਣਾ ਦਾ ਸੀ। ਇਸ ਪਿੰਡ ਦੇ ਗੁਆਂਢੀ ਪਿੰਡ ਭਬਾਤ, ਰਾਏਪੁਰ ਖੁਰਦ ਤੇ ਬਹਿਲਾਣਾ ਸਨ। ਕੋਈ ਗੁਰਦੁਆਰਾ ਜਾਂ ਮੰਦਰ ਨਹੀਂ ਸੀ। ਪਿੰਡ ਦਾ ਖੇੜਾ ਤੇ ਧਰਮਸ਼ਾਲਾ ਦਾ ਵੀ ਕੋਈ ਨਾਮੋ-ਨਿਸ਼ਾਨ ਨਹੀਂ ਰਿਹਾ। ਆਰਥਿਕ ਤੌਰ ਤੇ ਲੋਕ ਤੰਗ ਸਨ। ਸਬਜ਼ੀਆਂ ਦੀ ਖੇਤੀ ਹੁੰਦੀ ਸੀ। ਆਲੂ, ਪਿਆਜ਼, ਘੀਆ, ਕੱਦੂ, ਪੇਠੇ ਆਦਿਕ ਸਬਜ਼ੀਆਂ ਹੁੰਦੀਆਂ ਸਨ। ਕੂਲਾਂ ਦੇ ਪਾਣੀ ਨਾਲ ਸਿੰਜਾਈ ਕੀਤੀ ਜਾਂਦੀ ਸੀ। ਕੂਲ ਤੋਂ ਢੀਂਗਲੀ-ਨਾਲ ਪਾਣੀ ਲਾਇਆ ਜਾਂਦਾ ਸੀ। ਪਾਣੀ ਨੂੰ ਡਾਲ ਨਾਲ ਖੇਤਾਂ ਵਿੱਚ ਸੁੱਟਿਆ ਜਾਂਦਾ ਸੀ। ਘੁਲਾੜੀ ਕਮਾਦ ਪੀੜਨ ਲਈ ਸਾਂਝੀ ਹੁੰਦੀ ਸੀ। ਮਨਸਾ ਦੇਵੀ ਦੇ ਮੇਲੇ 'ਤੇ ਭਗਤ ਆਸਾ

ਰਾਮ  ਦਾ ਗੌਣ ਸੁਣਨ ਦੀਆਂ ਗੱਲਾਂ ਚੇਤੇ  ਕਰ ਕੇ ਲੋਕੀਂ ਹੁਣ ਵੀ ਬੋਲੀ ਪਾਉਂਦੇ ਹਨ:

ਪੈਂਦਾ ਸਿਆਲ ਮਾ ਪਾਲਾ
ਲੱਤ ਮਾਰੀ ਲੱਛਮੀ  ਕੈ (ਮਾਇਆ/ਪੈਸਾ)
ਆਸਾ ਰਾਮ ਭਗਤ  ਸੁਹਾਣੇ ਵਾਲਾ।

ਸੱਚ  ਕਾ ਬਚਨ ਸੁਣਾਣਾ
ਘਰ-ਘਰ ਪੁੱਤ ਜੰਮਦੇ
ਆਸਾ ਰਾਮ ਨੀ ਕਿਸੇ ਨੈਂ ਬਣ ਜਾਣਾ।

ਇਸ ਪਿੰਡ ਦੇ ਪ੍ਰਮੁੱਖ ਵਿਅਕਤੀ ਇੰਦਰ, ਜਾਤੀ, ਰਤਨ, ਬੰਤ ਸਿੰਘ,  ਲੱਜਾ ਰਾਮ, ਸਿਓ ਰਾਮ, ਬਚਨਾ ਤੇ ਦੌਲਤ ਸੈਂ ਜਾਣੇ ਜਾਂਦੇ ਸਨ। ਇਸ ਪਿੰਡ ਦੀ ਜ਼ਮੀਨ ਚੰਡੀਗੜ੍ਹ ਦੇ ਹਵਾਈ-ਅੱਡੇ ਵਿੱਚ ਆਉਣ ਕਾਰਨ, ਪਿੰਡ  ਵਾਸੀਆਂ ਲਈ ਬਿਲਕੁਲ ਓਪਰੀ ਹੋ ਗਈ ਹੈ। ਆਪਣੇ ਪਿੰਡ ਦੀ ਮਿੱਟੀ ਨੂੰ ਵੇਖਣਾ ਵੀ ਨਸੀਬ ਨਹੀਂ।



*ਪਿੰਡ ਵਾਸੀ*



*ਤੂੜੀ ਦੇ ਕੁੱਪ*

# 28. ਬਖਤਾ ਬਜਵਾੜੀ – ਬੇਚਰਾਗ ਮੌਜ਼ਾ

ਬਖਤਾ ਬਜਵਾੜੀ ਬੇਚਰਾਗ ਮੌਜਾ ਸੀ। ਬੇਚਰਾਗ ਮੌਜ਼ਾ ਦਾ ਅਰਥ ਹੁੰਦਾ ਹੈ, ਉਹ ਇਲਾਕਾ ਜਿੱਥੇ ਕੋਈ ਦੀਵਾ ਨਾ ਬਲਦਾ ਹੋਵੇ। ਚਰਾਗ ਫਾਰਸੀ ਦਾ ਸ਼ਬਦ ਹੈ। ਬੇਚਰਾਗ ਭਾਵ ਦੀਵਾ ਰਹਿਤ। ਚਰਾਗਚੀ ਦਾ ਅਰਥ ਹੈ ਦੀਵਾ ਬਾਲਣ ਵਾਲਾ। ਉਹ ਜ਼ਮੀਨ ਜਾਂ ਇਲਾਕਾ ਜਿੱਥੇ ਵੱਸੋਂ ਨਾ ਹੋਵੇ। ਅਜਿਹੀਆਂ ਬਹੁਤ ਥਾਵਾਂ ਮਾਲ-ਮਹਿਕਮੇ ਦੇ ਰਿਕਾਰਡ ਵਿੱਚ ਦਰਜ ਹਨ। ਉਸ ਇਲਾਕੇ ਦੀ ਜ਼ਮੀਨ ਬਕਾਇਦਾ ਮਾਲਕੀਨ ਦੀ ਹੁੰਦੀ ਹੈ। ਕਈ ਵਿਅਕਤੀਆਂ ਨੂੰ, ਅਜਿਹੀਆਂ ਬੇਚਰਾਗ ਥਾਵਾਂ 'ਤੇ ਜ਼ਮੀਨਾਂ ਅਲਾਟ ਕੀਤੀਆਂ ਹੁੰਦੀਆਂ ਹਨ। ਕਈ ਮਾਲਕ ਤਾਂ ਉਸ ਥਾਵਾਂ 'ਤੇ ਬਕਾਇਦਾ ਖੇਤੀ ਕਰਦੇ ਹਨ ਤੇ ਕਈ ਮਾਲਕ ਬੰਜਰ ਹੀ ਪਈਆਂ ਰਹਿਣ ਦਿੰਦੇ ਹਨ।



ਚਰਨਜੀਤ ਕੌਰ ਪਤਨੀ ਜਸਮੇਰ ਸਿੰਘ ਤੇ ਲੇਖਕ

ਬਖਤਾ ਬਜਵਾੜੀ (ਬੇਚਰਾਗ ਮੌਜ਼ਾ) ਦੀ ਜ਼ਮੀਨ ਚੰਡੀਗੜ੍ਹ ਦੇ ਦੂਜੇ ਉਠਾਲੇ 1960 ਤੋਂ ਬਾਅਦ ਸੈਕਟਰ 37 ਵਸਾਉਣ ਲਈ ਹਾਸਲ ਕੀਤੀ ਗਈ। ਬਜ਼ੁਰਗ ਮੰਗਤ ਰਾਮ ਉਮਰ ਲਗਪਗ 90 ਸਾਲ ਦੇ ਦੱਸਣ ਅਨੁਸਾਰ ਇਸ ਇਲਾਕੇ ਵਿੱਚ ਅੰਬਾਂ ਦੇ ਬਾਗ ਹੁੰਦੇ ਸਨ। ਅਮਰੂਦਾਂ ਦੇ ਬਾਗ ਵੀ ਸਨ। ਜਦੋਂ ਕਾਲੀਬੜ ਪਿੰਡ ਉਜਾੜਿਆ ਗਿਆ (1952 'ਚ) ਤਾਂ ਉੱਥੋਂ ਦੇ ਕਈ ਕਿਸਾਨਾਂ ਨੂੰ ਇੱਥੇ ਜ਼ਮੀਨ ਅਲਾਟ ਕੀਤੀ ਗਈ ਤੇ ਮੁੜ ਦੂਜੇ ਉਠਾਲੇ ਸਮੇਂ ਇੱਥੋਂ ਮੁੜ ਉਜੜਨਾ ਪਿਆ।




ਮੰਗਤ ਰਾਮ

ਕਣਕ, ਮੱਕੀ, ਮੂੰਗਫਲੀ, ਮਸਰੀ, ਸਰੋਂ, ਸੂੰਹ, ਮਾਂਹ, ਧਾਨ, ਕਪਾਹ ਆਦਿਕ ਫਸਲਾਂ ਮਾਰੂ ਖੇਤੀ ਨਾਲ ਹੀ ਹੁੰਦੀਆਂ ਸਨ।

ਚਰਨਜੀਤ ਕੌਰ (ਪੁੱਤਰੀ ਸੰਤ ਸਿੰਘ) ਪਤਨੀ ਜਸਮੇਰ ਸਿੰਘ (ਸ਼ਾਹਪੁਰ ਵਾਲੇ) ਜੋ ਹਵਾਈ ਸੈਨਾ ਤੋਂ ਰੀਟਾਇਰ ਹਨ ਤੇ ਮੁਹਾਲੀ ਸੈਕਟਰ 69 'ਚ ਰਹਿੰਦੇ ਹਨ, ਉਨ੍ਹਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸੰਤ ਸਿੰਘ ਦੇ ਨਾਮ 14 ਏਕੜ 6 ਕਨਾਲ ਜ਼ਮੀਨ ਸੀ। ਖੇਤਾਂ ਵਿੱਚ

ਹਲਟ ਵੀ ਲਾਇਆ ਹੁੰਦਾ ਸੀ। ਕਾਮਿਆਂ ਲਈ ਕੋਠਾ ਵੀ ਪਾਇਆ ਹੁੰਦਾ ਸੀ। ਇਸ ਤੋਂ ਬਿਨਾਂ ਪਰਸਾ ਸਿੰਘ, ਬਚਨ ਸਿੰਘ, ਮਾਸਟਰ ਗੁਰਮੀਤ ਸਿੰਘ ਤੇ ਗੰਡਾ ਸਿੰਘ ਜ਼ਿਮੀਦਾਰਾਂ ਦੀਆਂ ਜ਼ਮੀਨਾਂ ਸਨ। ਕੋਈ ਟਾਵਾਂ-ਟਾਵਾਂ ਬੰਦਾ ਰਹਿੰਦਾ ਸੀ। ਦਿਨੇਂ ਖੇਤੀ ਕਰਕੇ ਸ਼ਾਮੀ ਆਪਣੇ-ਆਪਣੇ ਪਿੰਡਾਂ ਨੂੰ ਪਰਤ ਆਉਂਦੇ ਸਨ। ਕਈ ਵਾਰ ਇਨ੍ਹਾਂ ਜ਼ਮੀਨਾਂ ਦੇ ਮਾਲਕ ਠੇਕੇ ਜਾਂ ਬਟਾਈ 'ਤੇ ਵੀ ਆਪਣੀ ਜ਼ਮੀਨ ਦੇ ਛੱਡਦੇ ਸਨ। ਇਸ ਬੇਚਰਾਗ ਮੌਜੇ ਦੀ ਜ਼ਮੀਨ 'ਤੇ ਜਿੱਥੇ ਕੋਠੀਆਂ ਉਸਾਰੀਆਂ ਗਈਆਂ ਹਨ, ਉੱਥੇ ਦੂਰ-ਦਰਸ਼ਨ ਕੇਂਦਰ ਚੰਡੀਗੜ੍ਹ, ਪੈਟਰੋਲ-ਪੰਪ ਤੇ ਹੋਰ ਅਦਾਰੇ ਬਣੇ ਹੋਏ ਹਨ। ਸਰਕਾਰੀ ਕਰਮਚਾਰੀਆਂ ਦੇ ਰਹਾਇਸ਼ੀ ਮਕਾਨ ਵੀ ਹਨ। ਕੋਈ ਪੁਰਾਣੀ ਨਿਸ਼ਾਨੀ ਨਹੀਂ ਹੈ। ਇਸ ਮੌਜੇ ਦੀ ਜ਼ਮੀਨ ਦਾ ਬੰਨਾ ਪਿੰਡ ਸ਼ਾਹਪੁਰ ਤੇ ਬਜਵਾੜੀ ਕਰਮ ਚੰਦ ਪਿੰਡ ਨਾਲ ਜਾ ਲਗਦਾ ਸੀ।



*ਪਿੰਡ ਵਾਸੀ*

# 29. ਅੰਤਿਕਾ ਵੱਜੋਂ


## ਪਿੰਡ ਦੇ ਦਰਦ ਦਾ ਇੱਕ ਦ੍ਰਿਸ਼ :

ਪਿੰਡਾਂ ਦੇ ਉਜੜਨ ਦੇ ਉਸ ਮੰਜਰ ਨੂੰ ਜੇ ਚੇਤੇ ਕਰੀਏ ਤਾਂ ਲੋਕਾਂ ਦੇ ਹੰਝੂ ਅਜੇ ਵੀ ਗਿੱਲੇ ਲੱਗਦੇ ਹਨ। ਔਰਤਾਂ ਦੇ ਵੈਣ ਹਵਾਵਾਂ 'ਚ ਘੁਲ ਰਹੇ ਹਨ। ਅਰਜੋਈ ਕਰਦੇ ਹੱਥ ਸਮੇਂ ਨੂੰ ਕੋਸਦੇ ਜਾਪਦੇ ਹਨ। ਹੂਕਾਂ ਕੰਨੀਂ ਪੈ ਰਹੀਆਂ ਹਨ। ਢਹਿ-ਢੇਰੀ ਹੋ ਰਹੇ ਪਿੰਡ ਦੀਆਂ ਕੰਧਾਂ ਕੂਕ ਰਹੀਆਂ ਹਨ। ਟੁੱਟੇ ਸ਼ਤੀਰ ਤੇ ਬਾਲੇ ਕੜ-ਕੜ ਕਰਦੇ ਥੱਲੇ ਡਿੱਗ ਰਹੇ ਹਨ। ਦੇਹਲੀਆਂ, ਬੂਹੇ-ਬਾਰੀਆਂ ਪੁੱਟੀਆਂ ਜਾ ਰਹੀਆਂ ਹਨ। ਧੜੰਮ ਕਰਦਾ ਕੋਈ ਚੁਬਾਰਾ ਢੱਠ ਰਿਹਾ ਹੈ ਕਿਸੇ ਦੀ ਹਵੇਲੀ ਡਿੱਗ ਰਹੀ ਹੈ। ਡਿਓੜੀ ਤਿੜ ਰਹੀ ਹੈ। ਬਨੇਰੇ ਤੋਂ ਵਿਹੜੇ ਵਿੱਚ ਡਿੱਗੀ ਇੱਟ, ਬੁੱਢੀ ਮਾਈ ਦੇ ਲੱਗਣ ਤੋਂ ਬੱਚ ਗਈ ਹੈ। ਬਿਰਖਾਂ ਦੇ ਪੁੱਟੇ ਜਾਣ 'ਤੇ ਪੰਛੀ ਆਲ੍ਹਣਿਆਂ ਨੂੰ ਸਦਾ ਲਈ ਅਲਵਿਦਾ ਕਹਿ ਰਹੇ ਹਨ। ਭੁੱਖੇ ਪਸ਼ੂ ਖੁਰਲੀਆਂ ਤੋਂ ਰੱਸੇ ਤੁੜਾਉਣ ਲਈ ਮਜਬੂਰ ਹੋ ਰਹੇ ਹਨ। ਛੱਪਰਾਂ ਥੱਲੇ ਦਿੱਤੀਆਂ ਥੰਮ੍ਹੀਆਂ ਤੜਾਕ ਕਰਕੇ ਟੁੱਟ ਰਹੀਆਂ ਹਨ। ਚੁੱਲ੍ਹਿਆਂ 'ਚ ਪੁਸ਼ਤੈਨੀ ਅੱਗ ਬੁੱਝ ਰਹੀ ਹੈ। ਗੱਡਿਆਂ ਉੱਤੇ ਘਰ ਦਾ ਭਾਂਡਾ-ਟੀਂਡਾ, ਸੰਦੂਕ, ਪੇਟੀਆਂ, ਟਰੰਕ, ਦਾਣਿਆਂ ਦੇ ਢੋਲ, ਮਿਹਨਤਾਂ ਨਾਲ ਬਣਾਈਆਂ ਚੀਜ਼ਾਂ ਤੇ ਨਿੱਕ-ਸੁੱਕ ਲੱਦਿਆ ਜਾ ਰਿਹਾ ਹੈ। 1947 ਦੀ ਵੰਡ ਵਰਗਾ ਬਟਵਾਰਾ ਲੱਗ ਰਿਹਾ ਹੈ।

ਕੋਈ ਬਾਲਕ ਦੀਵਾ ਸੰਭਾਲਦਾ, ਮਾਂ ਨੂੰ ਪੁੱਛ ਰਿਹਾ, "ਅਸੀਂ ਇੱਥੋਂ ਕਿਉਂ ਚੱਲੇ ਹਾਂ ? ਕਿੱਥੇ ਨੂੰ ? " ਖ਼ਾਮੋਸ਼ ਚਿਹਰੇ ਹਿਚਕੀ ਭਰ ਉੱਤਰ ਦੇਣ ਲਈ ਮਜਬੂਰੀ ਦਾ ਆਲਮ ਹੰਢਾ ਰਹੇ ਹਨ। ਦੂਰ ਖੜੀਆਂ ਬਾਲੜੀਆਂ ਦਾ ਸਹੇਲਪੁਣਾ ਵਿਛੜਣ ਲਈ ਹਟਕੋਰੇ ਭਰ ਰਿਹਾ ਹੈ। ਕੋਈ ਬਿਰਧ ਆਪਣੇ ਜੀਵਨ ਦੀਆਂ ਯਾਦਾਂ ਦੀ ਗੱਠੜੀ ਚੁੱਕਣ ਲਈ ਅਸਮਰੱਥ ਹੈ। ਇੱਕ-ਦੂਜੇ ਦੇ ਦੁੱਖ ਨੂੰ ਮੋਢਾ ਦੇਣ ਲਈ ਹਰ ਕੋਈ ਲਾਚਾਰ ਹੈ।

ਇੱਕ ਜਿਊਂਦੇ ਪਿੰਡ ਦੀ ਮੌਤ ਹੋ ਰਹੀ ਹੈ। ਮਰਗਤ ਲਈ ਮੜ੍ਹੀਆਂ ਵੀ ਨਹੀਂ ਰਹੀਆਂ । ਕੁਝ ਹੀ ਮਹੀਨਿਆਂ ਵਿੱਚ ਪਿੰਡ ਥੇਹ ਬਣ ਜਾਵੇਗਾ । ਨਵੀਂ ਉਸਾਰੀ ਪ੍ਰਾਰੰਭ ਹੋ ਜਾਵੇਗੀ। ਸਦੀਆਂ ਪੁਰਾਣੇ ਇਤਿਹਾਸ ਚੋਂ ਨਵੇਂ ਇਤਿਹਾਸ ਦੀ ਸਿਰਜਣਾ ਹੋਵੇਗੀ। ਪੁਰਾਣੀ ਸੱਭਿਆਚਾਰਕ ਵਿਰਾਸਤ ਮਿੱਟੀ ਵਿੱਚ ਦੱਬ ਜਾਵੇਗੀ ਅਤੇ ਨਵੀਂ ਸੱਭਿਅਤਾ ਪੁੰਗਰਨੀ ਸ਼ੁਰੂ ਹੋ ਜਾਵੇਗੀ। ਪੁਆਧ ਦੇ ਅਠਾਈ ਪਿੰਡ ਲੋਪ ਹੋ ਜਾਣਗੇ ਅਤੇ ਨਵਾਂ ਸ਼ਹਿਰ ਚੰਡੀਗੜ੍ਹ ਉਸਰਨਾ ਸ਼ੁਰੂ ਹੋ ਜਾਵੇਗਾ।

ਰੱਬ ਖੈਰ ਕਰੇ ......................



ਨਿਸ਼ਾਨਦੇਹੀ O
ਚੰਡੀਗੜ੍ਹ, ਲੋਪ ਕੀਤੇ ਪਿੰਡਾਂ ਦੀ
N
ਕਾਲਕਾ ਨੂੰ
ਪੰਜਾਬ
ਹਰਿਆਣਾ
ਮੁਹਾਲੀ ਨੂੰ
ਮੁਹਾਲੀ
ਪਿੰਡ ਦਾ
ਚਿੰਨ੍ਹ O

# ਅਖਬਾਰ ਦਾ ਦੁਰਲੱਭ ਪੰਨਾ


LOCAL EDITI

**Sunday Tribune**

ESTABLISHED 1881

GEST CIRCULATION IN NORTH-WESTERN INDIA

AMBALA, SUNDAY, JUNE 8, 1952



Ch. Lehri Singh, Minister of Public Works listening to the grievances of an oustee ... the Chandigarh site. Administrator P. N. Thapar is seated to the right of Ch. Lehri Singh.

ਮਿਤੀ : 7 ਜੂਨ, 1952

ਸ੍ਰੀ ਲਛਮਣ ਸਿੰਘ ਪਿੰਡ ਭੰਗੀਮਾਜਰਾ (ਰਾਮਨਗਰ)

ਲੋਕਾਂ ਦੀਆਂ ਮੁਸ਼ਕਲਾਂ ਬਿਆਨ ਕਰਦੇ, ਤੱਤਕਾਲੀਨ ਚੌਧਰੀ ਲਹਿਰੀ ਸਿੰਘ,

ਪਬਲਿਕ ਵਰਕਸ ਮੰਤਰੀ, ਪੰਜਾਬ ਨੂੰ।

ਮੰਤਰੀ ਦੇ ਸੱਜੇ ਹੱਥ ਪੀ.ਐਨ. ਥਾਪਰ ਐਡਮਿਨਸਟਰੇਟਰ



ਬੁਟੀ ਦੇ ਪਿੰਡਾਂ ਦੇ ਵਸਨੀਕਾਂ ਵੱਲੋਂ ਚੰਡੀਗੜ੍ਹ ਦੇ ਸੈਕਟਰ-17 ਵਿੱਚ ਦਿੱਤੇ ਧਰਨੇ ਦਾ ਦ੍ਰਿਸ਼। -ਫੋਟੋ: ਮਨੋਜ ਮਹਾਜਨ


# ਚੰਡੀਗੜ੍ਹ ਲਈ ਉਜਾੜੇ ਪਿੰਡਾਂ ਦੇ ਲੋਕਾਂ ਨੂੰ ਮੁੜ ਵਸੇਬੇ ਦੀ ਆਸ

## ਵਿੱਤ ਸਕੱਤਰ ਨੇ ਦਿੱਤਾ ਆਊਸਟੀਆਂ ਦੇ ਇੱਕ ਇੱਕ ਵਾਰਸ ਦੇ ਵਸੇਬੇ ਦਾ ਭਰੋਸਾ



# ਚੰਡੀਗੜ੍ਹ ਦੀ ਖ਼ੂਬਸੂਰਤੀ ਦਾ ਸਿਰਜਕ ਡਾ. ਐਮ.ਐਸ. ਰੰਧਾਵਾ






*The collection of the Government Museum and Art Gallery has partly come to Chandigarh from the Lahore Museum after the partition in 1947. The rest has been built with the initiative of late Dr. M.S. Randhawa, a connoisseur and patron of art and the first Chief Commissioner of Chandigarh and the objects purchased by the Museum. Today the number of objects stands at 12,000 approximately and broadly fall into two categories: antiquities and contemporary art.*

## ਚੰਡੀਗੜ੍ਹ, ਯੂ.ਟੀ. ਦੇ ਪਿੰਡ ਜੋ ਲਾਲ ਲਕੀਰ ਦੇ ਅੰਦਰ ਕਾਇਮ ਹਨ :

1. ਹੱਲੋਮਾਜਰਾ
2. ਮੱਖਣ ਮਾਜਰਾ
3. ਮਨੀਮਾਜਰਾ
4. ਕਿਸ਼ਨਗੜ੍ਹ
5. ਬਹਿਲਾਣਾ
6. ਕੈਂਬਵਾਲਾ
7. ਦੜੂਆ
8. ਪਲਸੌਰਾ
9. ਬਡਹੇੜੀ
10. ਬੁਟੇਰਲਾ
11. ਅਟਾਵਾ
12. ਬੁੜੈਲ
13. ਮਲੋਆ
14. ਡੱਡੂਮਾਜਰਾ
15. ਧਨਾਸ
16. ਸਾਰੰਗਪੁਰ
17. ਰਾਏਪੁਰ ਖੁਰਦ
18. ਮੌਲੀ ਜੱਗਰਾਂ
19. ਰਾਏਪੁਰ ਕਲਾਂ
20. ਖੁੱਡਾ ਅਲੀਸ਼ੇਰ
21. ਖੁੱਡਾ ਜੱਸੂ
22. ਲਾਹੌਰਾ

## ਪੁਸਤਕ ਬਾਰੇ

## ਪਾਠਕਾਂ ਦਾ ਪੰਨਾ



ਮਨਮੋਹਨ ਸਿੰਘ ਦਾਊਂ

ਅਖਾਉਤੀ ਅਤੇ ਆਧੁਨਿਕ ਸ਼ਹਿਰ ਚੰਡੀਗੜ੍ਹ ਵੱਲੋਂ ਵਿਕਾਸ ਦੇ ਨਾਂ ਹੇਠ ਕੀਤੇ ਗਏ ਵਿਨਾਸ ਦੀ ਤਸਵੀਰ 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ' ਰਾਹੀਂ ਖਿੱਚ ਕੇ ਜੋ ਹਾਅ ਦਾ ਨਾਅਰਾ ਮਾਰਿਆ ਹੈ ਇਹੋ ਜਿਹਾ ਪਰ-ਉਪਕਾਰ ਸਮੁੱਚੇ ਪੰਜਾਬ ਵਿੱਚ ਕਦੇ ਵੀ ਨਹੀਂ ਕੀਤਾ ਗਿਆ। ਇਹ ਪੁਸਤਕ ਦਿਸਹੱਦਿਆਂ ਦੀ ਬਾਤ ਪਾਉਂਦੀ ਹੈ।ਸੱਚ ਮੁੱਚ ਸ੍ਰੀ ਦਾਊਂ ਪੁਆਧੀ ਚਾਨਣ ਮੁਨਾਰਾ ਹੈ।

**-ਡਾ. ਨਿਰਮਲ ਸਿੰਘ ਲਾਬੜਾਂ**

**ਜਲੰਧਰ**

ਇਸ ਪੁਸਤਕ 'ਚੋਂ ਉਘੜ ਕੇ ਜੋ ਬਾਹਰ ਆਉਂਦਾ ਉਹ ਹੈ ਪਿੰਡਾਂ ਦੇ ਕਲਮੀ ਚਿੱਤਰ ਜੋ ਪਾਠਕ ਦੇ ਦਿਲ ਨੂੰ ਖਿੱਚ ਪਾਉਂਦੇ ਹਨ। ਇਹ ਪੁਸਤਕ ਸਾਨੂੰ ਅਹਿਸਾਸ ਕਰਵਾਉਂਦੀ ਹੈ ਕਿ ਸਾਡੇ ਲਈ ਪਿਛੋਕੜ ਨੂੰ ਸਾਂਭ ਕੇ ਰੱਖਣਾ ਬਹੁਤ ਜਰੂਰੀ ਹੈ। 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ' ਨੂੰ ਇੱਕ ਗੁਜਰ ਚੁੱਕੇ ਸਮੇਂ ਦਾ ਨਾਮੀ ਦਸਤਾਵੇਜ ਬਣਾਉਂਦੀ ਹੈ ਜਿਹੜਾ ਸਲਾਹੁਣਯੋਗ ਉਪਰਾਲਾ ਹੈ ਤੇ ਇਲਾਕੇ ਦਾ ਪਿਤਰੀ ਵਿਰਸਾ ਆਉਣ ਵਾਲੀਆਂ ਨਸਲਾਂ ਲਈ ਸੰਭਾਲ ਕੇ ਰੱਖਣ ਦਾ ਵੱਡਾ ਉਪਰਾਲਾ ਹੈ।

**-ਪ੍ਰੋ. ਲਖਵੀਰ ਸਿੰਘ**

**ਦਿੱਲੀ**

'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ' ਖੋਜ ਪੁਸਤਕ ਦਾ ਤਾਂ ਕੰਮ ਹੀ ਅਦੁੱਤੀ ਹੈ ਜੋ ਸ੍ਰੀ ਦਾਊਂ ਨੇ ਨਿੱਜੀ-ਪੱਧਰ 'ਤੇ ਪਿਛਲੇ ਕਿੰਨੇ ਸਾਲਾਂ ਦੇ ਸੁਪਨੇ ਨੂੰ ਸਾਕਾਰ ਕਰ ਵਿਖਾਇਆ।

**-ਪ੍ਰਿੰ. ਗੁਰਮੀਤ ਸਿੰਘ**

**ਖਰੜ**

Forever Learning

ISBN 978-93-95286-94-7

9 789395 286947

www. unistarbooks.com ₹ 250/-